ਅੰਕ 10 ਜੁਲਾਈ 2015 ਵਿੱਚ ਛਪਿਆ

"ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ"

# ਗੁਰੂ ਅਮਰ ਦਾਸ ਅਪਾਹਜ ਆਸ਼ਰਮ

# GURU AMAR DAS APAHAJ ASHRAM

(ਨਿਥਾਵਿਆਂ ਦਾ ਘਰ) (Home for Homeless)



ਬਲਵਿੰਦਰ ਸਿੰਘ (ਅਪਾਹਜ)



ਰੂਪ ਚੰਦ (ਅਪਾਹਜ)



ਆਸ਼ਰਮ ਦੇ ਹਾਲ ਨੰ: 1 ਅਤੇ ਹਾਲ ਨੰ: 2 ਵਿੱਚ ਬੈਠੇ ਲੋੜਵੰਦ

ਲਾਭ ਅਤੇ ਰਾਜਨੀਤੀ ਤੋਂ ਰਹਿਤ ਪਰਉਪਕਾਰੀ ਰਜਿ. ਸੰਸਥਾ

Non-Profitable, Non-Political Regd. Charity

**V.P.O. Sarabha, Tehsil & Dist. Ludhiana-141105, Punjab**

Mobile (India) : 95018-42505, 95018-42506

nsmangat14@hotmail.com, naurangsinghmangat@gmail.com

www.facebook.com/pages/Guru-Amar-Das-Apahaj-Ashram/487373268061404

www.apahajashram.org

**Price : Free**

## ਕਿਸੇ ਲਈ ਕੋਈ ਵਿਰਲਾ ਜੀਵੇ

ਸਰਾਭਾ ਤੋਂ ਸਹੌਲੀ ਪਿੰਡ ਨੂੰ ਜਾਣ ਵਾਲੇ ਜਿਸ ਕੱਚੇ ਰਸਤੇ ਕੋਈ ਸਾਇਕਲ-ਸਕੂਟਰ ਵਾਲਾ ਵੀ ਬੜੀ ਮੁਸ਼ਕਲ ਨਾਲ ਲੰਘ ਸਕਦਾ ਸੀ ਅੱਜ ਉਸ ਰਸਤੇ ਤੇ (ਜੋ ਕਿ ਹੁਣ ਪੱਕੀ ਸੜਕ ਬਣ ਚੁੱਕੀ ਹੈ) ਬਣਿਆ ਸਾਫ਼-ਸੁਥਰਾ "ਗੁਰੂ ਅਮਰ ਦਾਸ ਅਪਾਹਜ ਆਸ਼ਰਮ" ਅਤੇ ਉਸ ਵਿੱਚ ਹੋ ਰਹੀ ਪਰਉਪਕਾਰੀ ਸੇਵਾ ਦੇ ਮਹਾਨ ਕਾਰਜ ਨੂੰ ਸ਼ੁਰੂ ਕਰਨ ਵਾਲੀ ਸਖਸ਼ੀਅਤ ਨੂੰ ਵੇਖਦਿਆਂ ਮਨ ਅੰਦਰੋਂ ਇਹ ਅਵਾਜ਼ ਉੱਠਦੀ ਹੈ **"ਆਪਣੇ ਲਈ ਹੈ ਹਰ ਕੋਈ ਜਿਉਂਦਾ ਕਿਸੇ ਲਈ ਕੋਈ ਵਿਰਲਾ ਜੀਵੇ"**। ਝੂਠੀਆਂ ਦੁਨਿਆਵੀ ਰਵਾਇਤਾਂ, ਫੋਕੀ ਸ਼ੋਸ਼ੇਬਾਜੀ ਅਤੇ ਰਾਜਨੀਤੀ ਤੋਂ ਨਿਰਲੇਪ ਸ਼ਾਂਤ-ਚਿੱਤ ਡਾ. ਨੌਰੰਗ ਸਿੰਘ ਮਾਂਗਟ ਦਾ ਸਾਰਾ ਸਮਾਂ ਆਸ਼ਰਮ ਵਿੱਚ ਰਹਿੰਦੇ ਅਪਾਹਜ, ਦਿਮਾਗੀ ਸੰਤੁਲਨ ਗਵਾ ਚੁੱਕੇ ਅਤੇ ਲਵਾਰਸ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕਰਦਿਆਂ ਗੁਜ਼ਰਦਾ ਹੈ ।

ਜ਼ਿਲ੍ਹਾ ਲੁਧਿਆਣਾ ਦੇ ਦੋਰਾਹਾ ਕਸਬੇ ਦੇ ਨਜ਼ਦੀਕ ਪਿੰਡ ਜਟਾਣਾ ਵਿਖੇ ਸਧਾਰਨ ਅਨਪੜ੍ਹ ਜ਼ਿਮੀਦਾਰਾ ਪਰਿਵਾਰ ਵਿੱਚ ਜਨਮ ਲੈ ਕੇ ਉੱਚ ਵਿਦਿਆ ਪ੍ਰਾਪਤ ਕਰਕੇ ਭਾਰਤ ਅਤੇ ਕੈਨੇਡਾ ਵਿੱਚ ਪ੍ਰੋਫ਼ੈਸਰ ਅਤੇ ਸਾਇੰਸਦਾਨ ਵਜੋਂ ਨੌਕਰੀ ਕਰਨ ਤੋਂ ਬਾਅਦ ਡਾ. ਨੌਰੰਗ ਸਿੰਘ ਮਾਂਗਟ ਨੇ ਸੁੱਖ-ਅਰਾਮ ਤਿਆਗ ਕੇ ਆਪਣਾ ਜੀਵਨ ਲਾਵਾਰਸਾਂ, ਬੇਸਹਾਰਿਆਂ, ਅਪਾਹਜਾਂ, ਨੇਤਰਹੀਣਾਂ, ਯਤੀਮਾਂ ਅਤੇ ਹੋਰ ਲੋੜਵੰਦਾਂ ਲਈ ਅਰਪਣ ਕਰ ਦਿੱਤਾ । ਕਈ ਸਾਲ ਸਾਇਕਲ ਤੇ ਹੀ ਘੁੰਮ-ਫਿਰਕੇ ਸੜਕਾਂ ਕੰਢੇ ਪਏ ਕੁਰਲਾਉਂਦੇ, ਝੁੱਗੀਆਂ-ਝੌਂਪੜੀਆਂ ਵਿੱਚ ਸਹਾਇਤਾ ਲਈ ਪੁਕਾਰਦੇ ਗ਼ਰੀਬ ਲੋਕਾਂ ਨੂੰ ਆਪ ਖ਼ੁਦ ਚੁੱਕ-ਚੁੱਕ ਕੇ ਹਸਪਤਾਲਾਂ ਵਿੱਚ ਉਹਨਾਂ ਦਾ ਇਲਾਜ ਕਰਵਾਇਆ ।

ਜਦੋਂ ਕਿਸੇ ਲਾਵਾਰਸ ਅਪਾਹਜ ਬਿਮਾਰ ਨੂੰ ਖੁੱਲ੍ਹੇ ਅਸਮਾਨ ਥੱਲੇ ਸੜਕ ਕੰਢੇ ਪਏ ਦੇਖਦੇ ਤਾਂ ਅਜਿਹੇ ਬੇਘਰ ਲੋੜਵੰਦਾਂ ਲਈ ਇੱਕ ਆਸ਼ਰਮ ਬਣਾਉਣ ਲਈ ਸੋਚਦੇ ਤਾਂ ਕਿ ਇਹਨਾਂ ਦੇ ਸਿਰ ਉੱਤੇ ਛੱਤ ਹੋਵੇ, ਮੰਜਾ-ਬਿਸਤਰਾ ਹੋਵੇ, ਰੋਟੀ-ਪਾਣੀ ਅਤੇ ਮੈਡੀਕਲ ਸਹਾਇਤਾ ਦਾ ਪ੍ਰਬੰਧ ਹੋਵੇ । ਇਹਨਾਂ ਦੀ ਅਣਥਕ ਸੇਵਾ ਨੂੰ ਦੇਖਦੇ ਹੋਏ ਗੁਰੂ ਦੀਆਂ ਸੰਗਤਾਂ ਨੇ ਸਹਿਯੋਗ ਦਿੱਤਾ ਜਿਸ ਦਾ ਸਦਕਾ **"ਗੁਰੂ ਅਮਰ ਦਾਸ ਅਪਾਹਜ ਆਸ਼ਰਮ"** ਦਾ ਨਿਰਮਾਣ ਹੋਇਆ । ਇਸ ਆਸ਼ਰਮ ਵਿੱਚ ਸਮਾਜ ਦੇ ਠੁਕਰਾਏ-ਨਕਾਰੇ ਹੋਏ ਲੋਕ, ਅਪਾਹਜ, ਦਿਮਾਗ਼ੀ ਸੰਤੁਲਨ ਗਵਾ ਚੁੱਕੇ, ਨੇਤਰਹੀਣ, ਸੜਕਾਂ ਤੇ ਪਏ ਚੁੱਕ ਕੇ ਲਿਆਂਦੇ ਲਾਵਾਰਸ ਬਿਮਾਰ, ਬੇਘਰ, ਬੇਸਹਾਰਾ ਅਤੇ ਬਜ਼ੁਰਗਾਂ ਦੀ ਬਿਨਾਂ ਕਿਸੇ ਜਾਤ-ਪਾਤ ਅਤੇ ਧਾਰਮਿਕ ਵਿਤਕਰੇ ਤੋਂ ਸੇਵਾ-ਸੰਭਾਲ ਕੀਤੀ ਜਾਂਦੀ ਹੈ ।

## ਡਾ. ਨੌਰੰਗ ਸਿੰਘ ਮਾਂਗਟ ਦਾ ਸੰਖੇਪ ਜੀਵਨ

- **ਜਨਮ :** 10 ਫਰਵਰੀ 1951, ਪਿੰਡ ਜਟਾਣਾ, ਨਜ਼ਦੀਕ ਦੋਰਾਹਾ, ਜ਼ਿਲ੍ਹਾ ਲੁਧਿਆਣਾ।
- **ਐਜੂਕੇਸ਼ਨ :** B.Sc. (Hons) 1974, M.Sc. (Hons) 1976, Ph.D. (1988) (ਸਟੈਟਿਸਟਿਕਸ), ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ.), ਲੁਧਿਆਣਾ।
- **ਪ੍ਰੋਫ਼ੈਸਰ (ਸਟੈਟਿਸਟਿਕਸ) :** ਪੀ.ਏ.ਯੂ. ਲੁਧਿਆਣਾ (1977-1996) ।



**ਪਿਤਾ :** ਹਰਨਾਮ ਸਿੰਘ
3 ਮਾਰਚ 1910-12 ਅਕਤੂਬਰ 1992



**ਮਾਤਾ :** ਗੁਰਦਿਆਲ ਕੌਰ
(ਪਿੰਡ ਝਨੇਰ) 1917-8 ਜਨਵਰੀ 1979



**ਪਤਨੀ :** ਪਰਮਜੀਤ ਕੌਰ
(ਪਿੰਡ ਸਾਹਨੇਵਾਲ)

- **ਸਾਇੰਸਦਾਨ (ਸਟੈਟਿਸਟਿਕਸ) :** ਯੂਨੀਵਰਸਿਟੀ ਆਫ਼ ਵਿੰਡਸਰ, ਕੈਨੇਡਾ (1994) ।
- ਸਕਿੱਲ ਕੈਟਾਗਰੀ ਅਧੀਨ ਪਰਿਵਾਰ ਸਮੇਤ ਕੈਨੇਡਾ ਗਿਆ (16 ਫ਼ਰਵਰੀ 1996) ।
- **ਸਾਇੰਸਦਾਨ (ਸਟੈਟਿਸਟਿਕਸ) :** ਮੌਰੀਸਨ ਸਾਇੰਟਿਫ਼ਿਕ ਰੀਸਰਚ ਕੰਪਨੀ, ਕੈਲਗਰੀ, ਕੈਨੇਡਾ (1996-2004) ।
- **ਫ਼ੈਲੋ :** ਰਾਇਲ ਸਟੈਟਿਸਟੀਕਲ ਸੋਸਾਇਟੀ, ਲੰਡਨ, U.K. (1997-2004)।

**ਖੋਜ ਕਾਰਜ (Research Work) :** 60 ਦੇ ਕਰੀਬ ਖੋਜ-ਪੱਤਰ ਅਮਰੀਕਾ, ਕੈਨੇਡਾ, ਇੰਗਲੈਂਡ, ਜਰਮਨੀ, ਇਟਲੀ, ਮੈਕਸੀਕੋ ਅਤੇ ਭਾਰਤ ਦੇ ਮਸ਼ਹੂਰ ਖੋਜ ਰਸਾਲਿਆਂ ਵਿੱਚ ਪ੍ਰਕਾਸ਼ਤ ਹੋਣ ਤੋਂ ਇਲਾਵਾ ਉਹ ਨੀਦਰਲੈਂਡ, ਲੰਡਨ ਅਤੇ ਅਮਰੀਕਾ ਤੋਂ ਕਲੂਵਰ ਐਕਡੈਮਿਕ ਅਤੇ ਸਪਰਿੰਗਰ-ਵੈਰਲਾਗ (ਜਰਮਨੀ) ਵੱਲੋਂ ਪ੍ਰਕਾਸ਼ਿਤ ਹੋ ਚੁੱਕੀ ਕਿਤਾਬ "ਐਲੀਮੈਂਟਸ ਆਫ਼ ਸਰਵੇ ਸੈਂਪਲਿੰਗ" ਦਾ ਲੇਖਕ ਵੀ ਹੈ । ਡਾ. ਮਾਂਗਟ ਵੱਲੋਂ ਸੈਂਪਲ ਸਰਵੇ ਵਿੱਚ ਈਜਾਦ ਕੀਤੀਆਂ ਕਈ ਨਵੀਆਂ ਤਕਨੀਕਾਂ ਨੂੰ ਦੂਸਰੇ ਸਾਇੰਸਦਾਨਾਂ ਵੱਲੋਂ ਲਿਖੀਆਂ ਕਿਤਾਬਾਂ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ । ਅੰਤਰਰਾਸ਼ਟਰੀ ਖੋਜ ਰਸਾਲਿਆਂ ਵਿੱਚ ਛਪਣ ਵਾਲੇ ਖੋਜ-ਪੱਤਰਾਂ ਅਤੇ ਛਪਣ ਵਾਲੀਆਂ ਕਿਤਾਬਾਂ ਦੀ ਰੈਫ਼ਰੀ ਵਜੋਂ ਵੀ ਸੇਵਾ ਨਿਭਾਈ ।

## Brief Life History of Dr. Naurang Singh Mangat

- **Birth :** February 10, 1951, village Jatana (near Doraha), Dist. Ludhiana.
- **Parents :** Father- Harnam Singh, Mother- Gurdial Kaur.
- **Wife :** Parmjit Kaur (M.A., B.Ed.), former teacher of Baba Isher Singh Public School, Ludhiana.
- **Education :** B.Sc. (Hons) 1974; M.Sc. (Hons)1976 ; Ph.D. 1988. All degrees in "Statistics" from Punjab Agricultural University (PAU), Ludhiana.
- **Professor (Statistics) :** Punjab Agricultural University, Ludhiana (1977-1996).
- **Scientist (Statistics) :** Dept. Math & Stat, University of Windsor, Canada (1994).
- **Immigrated** to Canada with family under skill category on February 16, 1996.
- **Senior Scientist (Statistics) :** Morrison Scientific Inc., Calgary, Canada (1996-2004).
- **Fellow :** Royal Statistical Society, London, England (1997-2004).

## Research Work

- Published about 60 research papers in Statistics and related fields in the world famous journals of USA, Canada, England, Germany, Italy, Mexico, and India.
- New sampling techniques developed by him have been presented by other scientists in their books published in India and abroad.
- Co-author of text book "Elements of Survey Sampling" published by Kluwer Academic Publishers based in Dordretch (Netherlands), London (UK) and Boston (USA) but now owned by Springer - Verlag Publishers of Germany.
- Worked as a referee for the journals and books published in India and abroad.

## ਸੇਵਾ ਦੀ ਸ਼ੁਰੂਆਤ (2005-2009)

ਡਾ. ਨੌਰੰਗ ਸਿੰਘ ਮਾਂਗਟ ਨੇ ਨੌਕਰੀ ਕਰਦਿਆਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸੈਂਕੜੇ ਲੋੜਵੰਦ ਵਿਦਿਆਰਥੀਆਂ ਦੀ ਨਿੱਜੀ ਤੌਰ ਤੇ ਮਾਇਕ ਸਹਾਇਤਾ ਕੀਤੀ, ਪਰ ਮਨ ਦੀ ਇੱਛਾ ਸੀ ਕਿ ਮੈਂ ਆਪਣਾ ਰਹਿੰਦਾ ਜੀਵਨ ਉਹਨਾਂ ਲੋਕਾਂ ਦੀ ਸੇਵਾ-ਸੰਭਾਲ ਵਿੱਚ ਲਾ ਦੇਵਾਂ ਜਿਨ੍ਹਾਂ ਨੂੰ ਸਮਾਜ ਨੇ ਠੁਕਰਾਅ ਦਿੱਤਾ ਹੈ। ਇਸ ਮਿਸ਼ਨ ਦੀ ਪੂਰਤੀ ਲਈ ਆਪ ਕੈਨੇਡਾ ਛੱਡ ਕੇ ਲੁਧਿਆਣਾ ਆ ਗਏ ਅਤੇ 23 ਅਗਸਤ 2005 ਨੂੰ "**ਗੁਰੂ ਅਮਰ ਦਾਸ ਅਪਾਹਜ ਆਸ਼ਰਮ**" ਸੰਸਥਾ ਰਜਿਸਟਰਡ ਕਰਵਾ ਲਈ। ਸਾਦਾ ਲਿਬਾਸ (ਕੁੜਤਾ-ਪਜਾਮਾ) ਪਾਇਆ ਅਤੇ ਸਾਈਕਲ ਚੁੱਕ ਕੇ ਸੜਕਾਂ ਤੇ ਤੁਰ ਪਏ। ਸੜਕਾਂ ਕੰਢੇ ਪਏ ਲਾਵਾਰਸ, ਮਜ਼ਦੂਰ ਕਲੋਨੀਆਂ ਤੇ ਝੁੱਗੀਆਂ-ਝੌਂਪੜੀਆਂ ਵਿੱਚ ਸਹਾਇਤਾ ਲਈ ਕੁਰਲਾਉਂਦੇ ਗ਼ਰੀਬ ਬਿਮਾਰ ਲੋਕਾਂ ਲਈ ਮਸੀਹਾ ਬਣਕੇ ਬਹੁੜੇ। ਬੇਸਹਾਰਾ ਬਿਮਾਰ ਲੋਕਾਂ ਨੂੰ ਡਾਕਟਰ ਨੂੰ ਦਿਖਾਉਂਦੇ, ਜ਼ਿਆਦਾ ਨਾਜ਼ੁਕ ਹਾਲਤ ਵਾਲੇ ਨੂੰ ਹਸਪਤਾਲ ਦਾਖ਼ਲ ਕਰਵਾਉਂਦੇ ਅਤੇ ਕਈ ਵਾਰ ਰਾਤ ਨੂੰ ਹਸਪਤਾਲ ਵਿੱਚ ਰਹਿ ਕੇ ਉਸਦੀ ਆਪ ਦੇਖ-ਭਾਲ ਕਰਦੇ। ਸਾਈਕਲ 'ਤੇ ਫਿਰਕੇ ਸੇਵਾ ਕਰਦਿਆਂ ਭਾਵੇਂ ਅਨੇਕਾਂ ਦੁੱਖ ਤਕਲੀਫ਼ਾਂ, ਔਕੜਾਂ ਆਈਆਂ ਪਰ ਆਪ ਨੇ ਸਬਰ, ਸੰਤੋਖ, ਨਿਮ੍ਰਤਾ ਦਾ ਪੱਲਾ ਨਹੀਂ ਛੱਡਿਆ। ਹੌਲੀ-ਹੌਲੀ ਆਸ਼ਰਮ ਦਾ ਮੁੱਢ ਬੰਨ੍ਹਣ ਵਿੱਚ ਲੱਗੇ ਰਹੇ।



## ਆਸ਼ਰਮ ਦਾ ਨਿਰਮਾਣ

11 ਜੂਨ 2008 ਨੂੰ ਸਰਾਭਾ ਪਿੰਡ ਦੇ ਨਜ਼ਦੀਕ ਸਰਾਭਾ-ਸਹੌਲੀ ਲਿੰਕ ਰੋਡ 'ਤੇ 3000 ਗਜ਼ (4 ਕਨਾਲ 17 ਮਰਲੇ) ਜ਼ਮੀਨ ਖ਼ਰੀਦੀ।

**ਬਿਲਡਿੰਗ ਦੀ ਉਸਾਰੀ ਦੀ ਸ਼ੁਰੂਆਤ ਸਟੋਵ ਅਤੇ ਲਾਲਟੈਣ ਨਾਲ :** 23 ਮਾਰਚ 2009 ਨੂੰ ਦੋ ਕਿੱਲੋ ਚੀਨੀ, ਅੱਧਾ ਕਿੱਲੋ ਚਾਹ-ਪੱਤੀ, ਮਿੱਟੀ ਦੇ ਤੇਲ ਵਾਲਾ ਸਟੋਵ, ਰੋਸ਼ਨੀ ਲਈ ਲਾਲਟੈਣ ਅਤੇ ਧੁੱਪ, ਬਾਰਸ਼ ਆਦਿ ਤੋਂ ਬਚਣ ਲਈ ਤ੍ਰਿਪਾਲ ਖ਼ਰੀਦ ਕੇ ਖੇਤ ਵਿੱਚ ਤੰਬੂ

ਲਾਇਆ। ਦੋ ਵਿਅਕਤੀ - ਯੂ.ਪੀ. ਦਾ ਸ਼ੂਗਰ ਦਾ ਮਰੀਜ਼ ਲੋੜਵੰਦ ਆਤਮਾ ਰਾਮ (ਜਿਸਦਾ ਜ਼ਿਕਰ ਦਾਖ਼ਲਾ ਨੰ. 1 ਵਜੋਂ ਅੱਗੇ ਆਵੇਗਾ) ਅਤੇ ਨਨਕੀ (ਬਿਹਾਰੀ ਮਜ਼ਦੂਰ , ਵਾਸੀ ਜ਼ਿਲ੍ਹਾ ਸਮਸਤੀਪੁਰ) ਨਾਲ ਲਏ ।



ਲਾਲਟੈਣ ਅਤੇ ਸਟੋਵ



ਨਨਕੀ, ਵਾਸੀ ਜ਼ਿਲ੍ਹਾ ਸਮਸਤੀਪੁਰ, ਬਿਹਾਰ

**ਕੱਚਾ ਕਮਰਾ :** ਅਪ੍ਰੈਲ 2009 ਦੇ ਪਹਿਲੇ ਹਫ਼ਤੇ ਇੱਕ ਕਮਰਾ ਮਿੱਟੀ-ਗਾਰੇ ਨਾਲ ਤਿਆਰ ਕੀਤਾ । ਕਾਫ਼ੀ ਸਮਾਂ ਇਸ ਕਮਰੇ ਵਿੱਚ ਹੀ ਗੁਜ਼ਾਰਾ ਕੀਤਾ ।



ਕੱਚਾ ਕਮਰਾ

**ਬਿਲਡਿੰਗ ਦੀ ਉਸਾਰੀ :** ਅਪ੍ਰੈਲ 2009 ਦੇ ਦੂਜੇ ਹਫ਼ਤੇ ਬਿਲਡਿੰਗ ਦੀ ਉਸਾਰੀ ਸ਼ੁਰੂ ਹੋਈ । ਵੱਖ-ਵੱਖ ਸਮੇਂ ਤੇ ਬਣ ਰਹੀ ਬਿਲਡਿੰਗ ਦੀ ਰੂਪ-ਰੇਖਾ ਤਸਵੀਰਾਂ ਦੀ ਜ਼ੁਬਾਨੀ ਹੇਠਾਂ ਦਿੱਤੀ ਜਾਂਦੀ ਹੈ ।



ਸਤੰਬਰ 2009



ਅਪ੍ਰੈਲ 2010



ਸਤੰਬਰ 2012



ਮਾਰਚ 2015

ਇਸ ਆਸ਼ਰਮ ਵਿੱਚ ਹੁਣ 25-30 ਬੇਸਹਾਰਾ, ਲੋੜਵੰਦ, ਅਪਾਹਜ, ਨੇਰਤਹੀਣ, ਬਿਮਾਰ ਬਜ਼ੁਰਗ ਆਪਣਾ ਜੀਵਨ ਨਿਰਵਾਹ ਕਰ ਰਹੇ ਹਨ। ਆਸ਼ਰਮ ਦੀ ਪੂਰੀ ਇਮਾਰਤ ਮੁਕੰਮਲ ਹੋਣ ਤੇ ਕੋਈ 250 ਦੇ ਕਰੀਬ ਲੋੜਵੰਦ ਇਸ ਆਸ਼ਰਮ ਵਿੱਚ ਰਹਿ ਸਕਣਗੇ। ਆਸ਼ਰਮ ਵਿੱਚ ਖਾਣ-ਪੀਣ, ਸਾਫ਼-ਸਫ਼ਾਈ ਅਤੇ ਡਾਕਟਰੀ ਸਹੂਲਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ।

## ਆਸ਼ਰਮ ਦੀ ਮਾਲਕੀ ਅਤੇ ਪ੍ਰਬੰਧ

- ਆਸ਼ਰਮ ਲਈ ਖ਼ਰੀਦੀ ਜ਼ਮੀਨ ਸਮੇਤ ਹਰ ਵਸਤੂ ਕਿਸੇ ਵਿਅਕਤੀ ਦੀ ਨਿੱਜੀ ਨਹੀਂ ਹੈ ਸਗੋਂ "ਗੁਰੂ ਅਮਰ ਦਾਸ ਅਪਾਹਜ ਆਸ਼ਰਮ" ਸੰਸਥਾ ਦੀ ਮਲਕੀਅਤ ਹੈ ।
- ਆਸ਼ਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹਨ ਅਤੇ ਸਵੇਰੇ ਸ਼ਾਮ ਨਿੱਤਨੇਮ ਹੁੰਦਾ ਹੈ।
- ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਕੋਲੋਂ ਕਿਸੇ ਪ੍ਰਕਾਰ ਦੀ ਫ਼ੀਸ ਜਾਂ ਖ਼ਰਚਾ ਵਗੈਰਾ ਨਹੀਂ ਲਿਆ ਜਾਂਦਾ।
- ਇੱਥੋਂ ਦਾ ਸਾਰਾ ਪ੍ਰਬੰਧ ਗੁਰੂ ਦੀਆਂ ਸੰਗਤਾਂ ਵੱਲੋਂ ਦਿੱਤੇ ਸਹਿਯੋਗ ਨਾਲ ਹੀ ਚੱਲਦਾ ਹੈ ।
- ਹਫ਼ਤੇ ਵਿੱਚ ਦੋ ਵਾਰ ਡਾਕਟਰ ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਚੈੱਕ ਕਰਦਾ ਹੈ। ਗੁਲਜਾਰ ਸਿੰਘ (ਨੇਤਰਹੀਣ) ਨੂੰ ਚੈੱਕ ਕਰਦੇ ਹੋਏ ਡਾ. ਫਹੀਮ ।



- ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ ।
- ਸੈਕਿਉਰਿਟੀ ਕੈਮਰੇ ਲੱਗੇ ਹੋਏ ਹਨ ।
- ਬਿਜਲੀ (Electricity) ਦੀ ਘਾਟ ਨੂੰ ਪੂਰਾ ਕਰਨ ਲਈ ਦਿਨ ਦੇ ਸਮੇਂ ਪੱਖੇ, ਕੂਲਰ, ਫਰਿੱਜ ਆਦਿ ਸੂਰਜ ਸ਼ਕਤੀ (Solar Power) ਤੇ ਚਲਦੇ ਹਨ ।
- ਸਾਫ਼-ਸੁਥਰੇ ਵਾਤਾਵਰਣ ਲਈ ਪਾਰਕ ਬਣਾਏ ਗਏ ਹਨ ।
- ਸਾਫ਼-ਸੁਥਰਾ ਭੋਜਨ ਤਿਆਰ ਕਰਨ ਲਈ ਸਬਜ਼ੀਆਂ ਅਤੇ ਆਟਾ ਆਦਿ ਆਸ਼ਰਮ ਵਿੱਚ ਹੀ ਤਿਆਰ ਕੀਤਾ ਜਾਂਦਾ ਹੈ ।

## ਮੰਤਵ

- ਗ਼ਰੀਬ ਵਰਗ ਦੇ ਅਪਾਹਜਾਂ, ਨੇਤਰਹੀਣਾਂ, ਲਾਵਾਰਸਾਂ, ਯਤੀਮਾਂ, ਦਿਮਾਗੀ ਸੰਤੁਲਨ ਗਵਾ ਚੁੱਕੇ ਲੋੜਵੰਦਾਂ, ਬਿਮਾਰਾਂ ਅਤੇ ਬੇਸਹਾਰਾ ਬਜ਼ੁਰਗਾਂ ਦੀ ਸੇਵਾ-ਸੰਭਾਲ ਕਰਨੀ ।
- ਗ਼ਰੀਬ ਬੱਚਿਆਂ ਦੀ ਪੜ੍ਹਾਈ ਵਿੱਚ ਸਹਾਇਤਾ ਕਰਨੀ ।
- ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਗੁਰਬਾਣੀ ਨਾਲ ਜੋੜਨਾ ।

## OBJECTIVES

- To look after the poor which includes disabled, terminally ill, orphans, deaf and dumb, blind, mentally sick, infirm, abandoned people etc.
- To support the education of poor students.
- To impart free Kirtan training to kids to keep them away from drugs.

## ਆਸ਼ਰਮ ਵਿੱਚ ਦਾਖ਼ਲਾ ਸ਼ੁਰੂ ਹੋਣ ਤੋਂ ਬਾਅਦ ਦੀ ਸੇਵਾ

- ਬਹੁਤ ਸਾਰੇ ਲਾਵਾਰਸ ਬਿਮਾਰ ਅਤੇ ਦਿਮਾਗ਼ੀ ਸੰਤੁਲਨ ਗਵਾ ਚੁੱਕੇ ਲੋੜਵੰਦਾਂ ਨੂੰ ਤਰਸਯੋਗ ਅਤੇ ਮੰਦੀ ਹਾਲਤ ਵਿੱਚ ਸੜਕਾਂ ਕੰਢਿਓਂ ਚੁੱਕ ਕੇ ਆਸ਼ਰਮ ਵਿੱਚ ਲਿਆ ਕੇ ਉਹਨਾਂ ਦੀ ਸੇਵਾ-ਸੰਭਾਲ ਕੀਤੀ। ਕੋਸ਼ਿਸ਼ ਕਰਕੇ ਕਈਆਂ ਨੂੰ ਉਹਨਾਂ ਦੇ ਪਰਿਵਾਰਾਂ ਨਾਲ ਮਿਲਾਇਆ।

- ਕਈਆਂ ਨੇ ਆਸ਼ਰਮ ਵਿੱਚ ਆਕੇ ਨਸ਼ਿਆਂ ਦਾ ਤਿਆਗ ਕੀਤਾ ।
- ਹੁਣ ਤੱਕ ਇਸ ਆਸ਼ਰਮ ਵਿੱਚ 65 ਦੇ ਕਰੀਬ (ਅਪਾਹਜ, ਨੇਤਰਹੀਣ, ਬਿਰਧ, ਦਿਮਾਗ਼ੀ ਤੌਰ ਤੇ ਬਿਮਾਰ, ਲਾ-ਇਲਾਜ ਬਿਮਾਰੀਆਂ ਨਾਲ ਪੀੜਤ) ਲੋੜਵੰਦ ਦਾਖਲ ਹੋਏ ਹਨ । ਜਿਨ੍ਹਾਂ ਵਿਚੋਂ ਬਹੁਤ ਸਾਰੇ ਠੀਕ ਹੋ ਕੇ ਚਲੇ ਗਏ । ਸੱਤ ਲੋੜਵੰਦਾਂ ਦੀ ਮੌਤ ਹੋ ਗਈ ।
- ਤਕਰੀਬਨ 25-30 ਲੋੜਵੰਦ ਹਮੇਸ਼ਾਂ ਹੀ ਇਸ ਆਸ਼ਰਮ ਵਿੱਚ ਰਹਿੰਦੇ ਹਨ ।
- ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਦੀ ਗਿਣਤੀ ਵਿੱਚ ਹਰ ਮਹੀਨੇ ਵਾਧਾ ਹੋ ਰਿਹਾ ਹੈ।
- ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਕੀਤੀ।
- ਬਹੁਤ ਸਾਰੇ ਬੱਚਿਆਂ ਨੂੰ ਗੁਰਬਾਣੀ ਦਾ ਕੀਰਤਨ ਸਿਖਾਇਆ ਗਿਆ ।

## ਬਿਖੜੇ ਰਾਹਾਂ ਦੇ ਮੁਸਾਫ਼ਰਾਂ ਦੀ ਕਹਾਣੀ-ਡਾ. ਨੌਰੰਗ ਸਿੰਘ ਮਾਂਗਟ ਦੀ ਜ਼ੁਬਾਨੀ

ਤਕਰੀਬਨ 10 ਸਾਲ ਤੋਂ ਸੇਵਾ ਕਰਦਿਆਂ ਜਿਨ੍ਹਾਂ ਲੋੜਵੰਦਾਂ ਦੀ ਹਾਲਤ ਦੇਖ ਕੇ ਦਿਲ ਕੰਬ ਉੱਠਿਆ, ਉਨ੍ਹਾਂ ਵਾਰੇ ਜਾਣਕਾਰੀ ਹੇਠਾਂ ਦਿੱਤੀ ਜਾਂਦੀ ਹੈ ।



ਆਤਮਾ ਰਾਮ ਹਸਪਤਾਲ ਵਿੱਚ

**ਆਤਮਾ ਰਾਮ-ਦਾਖ਼ਲਾ ਨੰ. 1 :** ਪਿੰਡ ਸੁਨੇਤ ਸਿੰਘ ਕਾ ਪੁਰਬਾ, ਜ਼ਿਲ੍ਹਾ ਸੁਲਤਾਨਪੁਰ (ਯੂ.ਪੀ.) ਦਾ ਰਹਿਣ ਵਾਲਾ ਆਤਮਾ ਰਾਮ ਪੁੱਤਰ ਮੇਵਾ ਲਾਲ (ਉਮਰ 23 ਸਾਲ) 2006 ਵਿੱਚ ਲੁਧਿਆਣੇ ਇਸ ਆਸ ਨਾਲ ਆਇਆ ਕਿ ਕੰਮ ਕਰਕੇ (ਯੂ. ਪੀ.) ਵਿੱਚ ਰਹਿ ਰਹੀਆਂ ਆਪ ਤੋਂ ਛੋਟੀਆਂ ਪੰਜ ਭੈਣਾਂ ਅਤੇ ਬੁੱਢੇ ਮਾਤਾ-ਪਿਤਾ ਦਾ ਸਹਾਰਾ ਬਣੇਗਾ । ਪਰ ਸ਼ੂਗਰ ਦੀ ਬਿਮਾਰੀ ਲੱਗ ਗਈ । ਕੰਮ-ਕਾਜ ਛੁੱਟ ਗਿਆ ਅਤੇ ਸੜਕ ਕਿਨਾਰੇ ਮੰਗ ਕੇ ਖਾਣਾ ਸ਼ੁਰੂ ਕਰ ਦਿੱਤਾ। ਮਈ 2008 ਦੇ ਅਖ਼ੀਰਲੇ ਹਫ਼ਤੇ ਇਹ ਲੜਕਾ ਜੋ ਕਿ ਸ਼ੂਗਰ ਦਾ ਮਰੀਜ਼ ਸੀ, ਅੱਤ ਦੀ ਗਰਮੀ ਵਿੱਚ ਕੱਪੜੇ ਉਤਾਰ ਕੇ ਅੱਧ-ਸੁੱਕੀ ਸਿੱਧਵਾਂ ਬਰਾਂਚ ਨਹਿਰ ਵਿੱਚ ਪੱਖੋਵਾਲ ਰੋਡ ਪੁਲ ਦੇ ਥੱਲੇ ਥੋੜੇ ਜਿਹੇ ਖੜ੍ਹੇ ਪਾਣੀ ਵਿੱਚ ਨਹਾਉਣ ਲਈ ਗਿਆ। ਪਰ ਉੱਥੇ ਹੀ ਬੇਹੋਸ਼ ਹੋ ਗਿਆ । ਬਹੁਤ ਸਾਰੇ ਲੋਕ ਪੁਲ ਉੱਤੇ ਖੜ੍ਹੇ ਇਸ ਨੂੰ ਤੜਫ਼ਦੇ ਨੂੰ ਦੇਖ ਰਹੇ ਸਨ । ਡਾ. ਮਾਂਗਟ ਨੇ ਦੋ ਹੋਰ ਮਜ਼ਦੂਰਾਂ ਦੀ ਮੱਦਦ ਨਾਲ ਇਸ ਨੂੰ ਨਹਿਰ ਵਿੱਚੋਂ ਕੱਢ ਕੇ ਇਸ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ । ਉਸ ਰਾਤ ਡਾ. ਮਾਂਗਟ ਇਕੱਲੇ ਹੀ ਹਸਪਤਾਲ ਵਿੱਚ ਇਸ ਦੀ ਦੇਖ-ਭਾਲ ਕਰਦੇ ਰਹੇ । ਹਸਪਤਾਲ ਵਿੱਚੋਂ 10 ਕੁ ਦਿਨਾਂ ਬਾਅਦ ਛੁੱਟੀ ਮਿਲਣ ਉਪਰੰਤ ਇਸ ਨੂੰ ਫਿਰ ਸੜਕ ਤੇ ਹੀ ਛੱਡ ਦਿੱਤਾ । ਪਰ ਇਸਦੇ ਰੋਟੀ-ਪਾਣੀ ਅਤੇ ਦਵਾਈ ਦਾ ਪ੍ਰਬੰਧ ਕਰ ਦਿੱਤਾ । **ਇਹੀ ਲੜਕਾ ਆਸ਼ਰਮ ਦੀ ਉਸਾਰੀ ਦੇ ਸ਼ੁਰੂ ਵਿੱਚ ਹੀ ਆਸ਼ਰਮ ਵਿੱਚ ਆ ਗਿਆ ਸੀ।** ਆਸ਼ਰਮ ਵਿੱਚ ਇਸ ਦਾ ਇਲਾਜ ਨਿਰੰਤਰ ਚਲਦਾ ਰਿਹਾ ਪਰ ਸ਼ੂਗਰ ਦੀ ਬਿਮਾਰੀ ਵਧਦੀ ਗਈ ਅਤੇ ਦਿਨੋ-ਦਿਨ ਇਸ ਦੀ ਹਾਲਤ ਬਿਗੜਦੀ ਗਈ। ਅਖ਼ੀਰ 12 ਅਗਸਤ 2011 ਨੂੰ ਇਸ ਦੀ ਮੌਤ ਹੋ ਗਈ ।

**ਮੇਰਾ ਕੋਈ ਨਹੀਂ ਹੈ ਜੀ – ਦਾਖ਼ਲਾ ਨੰ. 2 :** ਜੁਲਾਈ 2010 ਵਿੱਚ ਦਿਮਾਗ਼ੀ ਸੰਤੁਲਨ ਗਵਾ ਚੁੱਕੇ ਅਸਾਮ ਨਿਵਾਸੀ ਗੁਲਾਬ ਲਾਲ (ਉਮਰ 30 ਸਾਲ) ਦੇ ਕਿਸੇ ਵਾਹਨ ਦੀ ਫੇਟ ਲੱਗਣ ਕਾਰਨ ਲੱਤਾਂ ਦੀਆਂ ਹੱਡੀਆਂ ਟੁੱਟ ਗਈਆਂ । ਦਿਮਾਗ਼ੀ ਤੌਰ ਤੇ ਬਿਮਾਰ, ਮਿਰਗੀ ਦੀ ਬਿਮਾਰੀ ਤੋਂ ਪੀੜਤ ਅਤੇ ਬੋਲਣ ਤੋਂ ਵੀ ਅਸੱਮਰਥ ਇਹ ਵਿਅਕਤੀ ਮਾਡਲ ਟਾਊਨ ਐਕਸਟੈਂਸ਼ਨ (ਲੁਧਿਆਣਾ) ਵਿੱਚ ਨਹਿਰ ਦੇ ਨਾਲ-ਨਾਲ ਜਾ ਰਹੀ ਸੜਕ ਦੇ ਕਿਨਾਰੇ ਗਰਮੀ, ਸਰਦੀ, ਮੀਂਹ, ਹਨ੍ਹੇਰੀ ਵਿੱਚ ਤਕਰੀਬਨ ਅੱਠ ਮਹੀਨੇ ਜ਼ਮੀਨ ਤੇ ਭੁੰਜੇ ਪਿਆ ਰਿਹਾ । ਜਿਸ ਕਰਕੇ ਇਸ ਦੇ ਸਰੀਰ ਤੇ ਵੱਡੇ-ਵੱਡੇ ਜ਼ਖ਼ਮ ਹੋ ਗਏ, ਲੱਤਾਂ ਇਕੱਠੀਆਂ ਹੋ ਕੇ ਜੁੜ ਗਈਆਂ ਅਤੇ ਸਰੀਰ ਵਿੱਚੋਂ ਬਦਬੂ ਆਉਣ ਲੱਗ ਪਈ । ਫਰਵਰੀ 2011 ਦੇ ਦੂਜੇ ਹਫ਼ਤੇ ਡਾ. ਮਾਂਗਟ ਨੇ ਜਦੋਂ ਸੜਕ ਕਿਨਾਰੇ ਪਏ ਦੀ ਇਸ ਦੀ ਹਾਲਤ ਵੇਖੀ ਤਾਂ ਰੇਲ-ਗੱਡੀਆਂ ਵਿੱਚ ਮੰਗਤਿਆਂ ਵੱਲੋਂ ਗਾਈ ਉਹ ਪੰਕਤੀ ਯਾਦ ਆਈ "ਮੇਰਾ ਕੋਈ ਨਹੀਂ ਹੈ ਜੀ, ਕਿ ਮੇਰਾ ਸਤਿਗੁਰ ਪਿਆਰਾ ਜੀ"। ਡਾ. ਮਾਂਗਟ ਨੇ ਕੁੱਝ ਹੋਰ ਮਜ਼ਦੂਰਾਂ ਦੀ ਮੱਦਦ ਨਾਲ ਇਸ ਨੂੰ ਰੇਹੜੇ ਉੱਤੇ ਪਾ ਕੇ ਲੁਧਿਆਣਾ ਦੇ ਦੀਪ ਹਸਪਤਾਲ ਵਿੱਚ ਦਾਖ਼ਲ ਕਰਵਾਇਆ । 7 ਮਾਰਚ 2011 ਨੂੰ ਹਸਪਤਾਲ ਤੋਂ ਛੁੱਟੀ ਮਿਲਣ ਉਪਰੰਤ ਇਸ ਨੂੰ ਆਸ਼ਰਮ ਵਿੱਚ ਲਿਆ ਕੇ ਇਸ ਦੀਆਂ ਛੇ ਮਹੀਨੇ ਪੱਟੀਆ ਕੀਤੀਆਂ । ਹੁਣ ਵੀ ਇਸ ਵਿਅਕਤੀ ਨੂੰ ਦਿਨ ਵਿੱਚ ਤਿੰਨ ਵਾਰ ਦਵਾਈ ਦੇਣੀ ਪੈਂਦੀ ਹੈ ਨਹੀਂ ਤਾਂ ਇਸ ਦਾ ਦਿਮਾਗ਼ੀ ਸੰਤੁਲਨ ਵਿਗੜ ਜਾਂਦਾ ਹੈ ਅਤੇ ਇਹ ਉੱਚੀ- ਉੱਚੀ ਗਾਲ੍ਹਾਂ ਕੱਢਣ ਲੱਗ ਜਾਂਦਾ ਹੈ । ਮਾਰ-ਕੁੱਟ ਵੀ ਕਰਨ ਲੱਗ ਜਾਂਦਾ ਹੈ । ਇਹ ਵਿਅਕਤੀ ਆਪਣੇ ਮਾਤਾ-ਪਿਤਾ, ਪਰਿਵਾਰ ਜਾਂ ਘਰ ਦਾ ਪਤਾ ਨਹੀਂ ਦੱਸ ਸਕਦਾ ।




ਸੜਕ ਕੰਢੇ ਕੰਬਲ ਵਿੱਚ ਪਿਆ
ਗੁਲਾਬ ਲਾਲ



ਗੁਲਾਬ ਲਾਲ ਨੂੰ ਇਸ਼ਨਾਨ
ਕਰਾਉਂਦੇ ਸੇਵਾਦਾਰ

**ਜੋ ਕਮਾਇਆ ਸੋ ਖਾਇਆ, ਬੁੱਢੇ ਵੇਲੇ ਪਛਤਾਇਆ– ਦਾਖ਼ਲਾ ਨੰ. 8 :** ਜਿਸ ਸੁਭਾਸ਼ ਚੰਦਰ (65 ਸਾਲ) ਪੁੱਤਰ ਰਘੁਨੰਦਨ ਲਖਨਊ ਨਿਵਾਸੀ ਨੇ ਜੁਆਨੀ ਵਿੱਚ ਲੁਧਿਆਣੇ ਰਿਕਸ਼ਾ ਚਲਾਉਂਦਿਆਂ ਹਜ਼ਾਰਾਂ ਮੀਲ ਸਫ਼ਰ ਤਹਿ ਕੀਤਾ, ਪਰ ਬੁਢੇਪੇ ਵਿੱਚ ਬਿਮਾਰੀ ਕਾਰਨ ਉਸਦੇ ਪੈਰ ਅਤੇ ਗੁਪਤ ਅੰਗ ਸੁੱਜ ਗਏ । ਮਹੀਨਿਆਂ ਬੱਧੀ ਸੜਕ ਕੰਢੇ ਪਿਆ ਰਹਿਣ ਕਾਰਨ ਸਰੀਰ ਉੱਤੇ ਜ਼ਖਮ ਹੋ ਗਏ ਅਤੇ ਬਦਬੂ ਆਉਣ ਲੱਗ ਪਈ । 12 ਮਾਰਚ, 2012 ਨੂੰ ਡਾ. ਨੌਰੰਗ ਸਿੰਘ ਮਾਂਗਟ ਨੇ ਜਦੋਂ ਇਸ ਦੀ ਅਤੀ ਨਾਜ਼ੁਕ ਹਾਲਤ ਦੇਖੀ, ਤਾਂ ਸੜਕ ਕੰਢਿਓਂ ਚੁੱਕ ਕੇ

ਇਸ ਨੂੰ ਆਸ਼ਰਮ ਵਿੱਚ ਲੈ ਆਏ। ਸੁਭਾਸ਼ ਦੇ ਦੱਸਣ ਅਨੁਸਾਰ ਇਸਦਾ ਪਿੰਡ ਜਨਮ ਡਿਗਰੀ, ਜ਼ਿਲ੍ਹਾ ਮੁੰਗੇਰ (ਬਿਹਾਰ) ਅਤੇ ਆਪਣਾ ਕੋਈ ਪਰਿਵਾਰ ਨਹੀਂ ਸੀ। ਉਹ ਉਸ ਸਮੇਂ 13-14 ਸਾਲ ਦਾ ਸੀ ਜਦੋਂ ਇਸ ਦੇ ਮਾਤਾ, ਪਿਤਾ ਅਤੇ ਤਿੰਨ ਭਰਾ ਗੰਗਾ ਨਦੀ ਦੇ ਹੜ੍ਹ ਵਿੱਚ ਰੁੜ੍ਹ ਗਏ। ਆਪ ਕਿਸੇ ਤਰ੍ਹਾਂ ਬਚ ਕੇ ਲੁਧਿਆਣੇ ਆ ਕੇ ਰਿਕਸ਼ਾ ਚਲਾਉਣ ਲੱਗ ਪਿਆ। ਰਿਕਸ਼ਾ ਚਲਾਉਂਦਿਆਂ ਜੋ ਕਮਾਇਆ ਉਹ ਖਾ ਲਿਆ। ਅਖੀਰ ਬੁਢੇਪੇ ਵਿੱਚ ਬਿਮਾਰੀ ਨੇ ਜ਼ਿੰਦਗੀ ਅਤੇ ਮੌਤ ਨਾਲ ਜੂਝਣ ਲਈ ਮਜ਼ਬੂਰ ਕਰ ਦਿੱਤਾ। ਆਸ਼ਰਮ ਵਿੱਚ ਇਸ ਦਾ ਇਲਾਜ ਚੱਲਦਾ ਰਿਹਾ। ਤਕਰੀਬਨ ਦੋ ਕੁ ਹਫ਼ਤੇ ਬਾਅਦ 26 ਮਾਰਚ 2012 ਨੂੰ ਆਸ਼ਰਮ ਵਿੱਚ ਹੀ ਸੁਭਾਸ਼ ਦੀ ਮੌਤ ਹੋ ਗਈ। 27 ਮਾਰਚ 2012 ਨੂੰ ਇਸ ਦਾ ਅੰਤਮ ਸੰਸਕਾਰ ਕੀਤਾ ਗਿਆ।



ਸੁਭਾਸ਼ ਨੂੰ ਸੜਕ ਕੰਢਿਓਂ ਚੁੱਕਦੇ ਹੋਏ ਡਾ. ਮਾਂਗਟ

**ਬਹੁਤ ਕੁਰਲਾਇਆ, ਪਰ ਕਿਸੇ ਨਾ ਉਠਾਇਆ–ਦਾਖ਼ਲਾ ਨੰ. 14 :** "ਮੈਂ ਬਹੁਤ ਕੁਰਲਾਤਾ ਰਹਾ ਲੇਕਿਨ ਮੁਝੇ ਟੀ. ਬੀ. ਕੀ ਬਿਮਾਰੀ ਵਾਲੇ ਹੱਡੀਓਂ ਕੇ ਪਿੰਜਰ ਕੋ ਕੌਨ ਉਠਾਤਾ। ਸਰੀਰ ਮੇਂ ਤੋ ਬਦਬੂ ਆਤੀ ਥੀ" ਇਹ ਸ਼ਬਦ ਨਰਿੰਦਰ ਕੁਮਾਰ (ਉਮਰ 65 ਸਾਲ) ਨੇ ਆਸ਼ਰਮ ਵਿੱਚ ਪਹੁੰਚ ਕੇ ਹੋਸ਼ ਵਿੱਚ ਆਉਣ ਤੋਂ ਬਾਅਦ ਕਹੇ। ਟੀ.ਬੀ. ਅਤੇ ਕਾਲਾ-ਪੀਲੀਆ (ਹੈਪਿਟਾਈਟਸ-ਬੀ) ਦੀ ਬਿਮਾਰੀ ਤੋਂ ਪੀੜਤ ਇਹ ਪਰਵਾਸੀ ਲੁਧਿਆਣਾ ਦੇ ਭਦੌੜ ਹਾਊਸ ਦੀ ਇੱਕ ਬਿਲਡਿੰਗ ਦੀਆਂ ਪੌੜੀਆਂ ਥੱਲੇ ਅਰਧ-ਨਗਨ ਹਾਲਤ ਵਿੱਚ ਫਰਸ਼ 'ਤੇ ਉਸ ਜਗ੍ਹਾ ਪਿਆ ਸੀ ਜਿੱਥੇ ਕਈ ਲੋਕ ਪਿਸ਼ਾਬ ਵੀ ਕਰ ਜਾਂਦੇ ਸਨ। 9 ਜੂਨ, 2012 ਨੂੰ ਇਸ ਬੇਹੋਸ਼ ਹੱਡੀਆਂ ਦੇ ਪਿੰਜਰ ਨੂੰ ਡਾ. ਮਾਂਗਟ ਨੇ ਐਂਬੂਲੈਂਸ ਵਿੱਚ ਪਾ ਕੇ ਹਸਪਤਾਲ ਵਿੱਚ ਮੈਡੀਕਲ ਸਹਾਇਤਾ ਦਿਵਾਈ ਅਤੇ ਫਿਰ ਆਸ਼ਰਮ ਵਿੱਚ ਲਿਜਾਕੇ ਸੇਵਾ-ਸੰਭਾਲ ਕੀਤੀ। ਪੁੱਛਣ ਤੇ ਇਸ ਨੇ ਦੱਸਿਆ ਕਿ "ਮੈਂ ਟੀ. ਬੀ. ਅਤੇ ਕਾਲਾ-ਪੀਲੀਆ (ਹੈਪਿਟਾਈਟਸ-ਬੀ) ਦਾ ਮਰੀਜ਼ ਹਾਂ। ਕਾਨ੍ਹਪੁਰ (ਯੂ.ਪੀ.) ਦਾ ਰਹਿਣ ਵਾਲਾ ਹਾਂ। ਪਿਤਾ ਦਾ ਨਾਉਂ ਅਯੁੱਧਿਆ ਪ੍ਰਸ਼ਾਦ ਹੈ ਪਰ ਹੁਣ 25-30 ਸਾਲਾਂ ਤੋਂ ਲੁਧਿਆਣਾ ਵਿੱਚ ਕਵਾੜੀਆ ਦਾ ਕੰਮ ਕਰਦਾ ਹਾਂ। ਸੜਕ ਕਿਨਾਰੇ ਇੱਕ ਝੁੱਗੀ ਵਿੱਚ ਮੇਰੀ ਰਹਾਇਸ਼ ਸੀ। ਮੇਰਾ ਆਪਣਾ ਕੋਈ ਪਰਿਵਾਰ ਨਹੀਂ ਹੈ। ਭੈਣਾਂ ਭਰਾਵਾਂ ਦਾ ਵੀ ਕੋਈ ਪਤਾ ਨਹੀਂ ਕਿ ਕਿੱਥੇ ਹਨ। ਇਲਾਜ ਲਈ ਪੈਸਾ ਨਹੀਂ। ਬਿਮਾਰੀ ਦਾ ਮਾਰਿਆ ਅਖ਼ੀਰ ਮੈਂ ਧਰਤੀ 'ਤੇ ਡਿੱਗ ਪਿਆ। ਜ਼ਮੀਨ 'ਤੇ ਪਿਆ ਰਹਿਣ ਕਾਰਨ ਸਰੀਰ 'ਤੇ ਜ਼ਖ਼ਮ ਹੋ ਗਏ।



ਜ਼ਮੀਨ ਤੇ ਪਿਆ ਬੇਹੋਸ਼ ਨਰਿੰਦਰ ਕੁਮਾਰ



ਨਰਿੰਦਰ ਕੁਮਾਰ ਨੂੰ ਇਸ਼ਨਾਨ ਕਰਾਉਂਦੇ ਸੇਵਾਦਾਰ




ਨਰਿੰਦਰ ਕੁਮਾਰ ਦੇ ਅੰਤਮ ਸੰਸਕਾਰ ਦੀ ਤਿਆਰੀ

ਸਰੀਰ ਵਿੱਚੋਂ ਬਦਬੂ ਆਉਣ ਲੱਗ ਪਈ।" ਆਸ਼ਰਮ ਵਿੱਚ ਇਸ ਦਾ ਬਹੁਤ ਇਲਾਜ ਕਰਵਾਇਆ ਪਰ ਇਸ ਦਾ ਸਾਰਾ ਸਰੀਰ ਸੁੱਜ ਗਿਆ। ਕਈ ਵਾਰ ਇਹ ਕੱਪੜੇ ਉਤਾਰ ਕੇ ਨੰਗਾ ਬੇਹੋਸ਼ ਪਿਆ ਰਹਿੰਦਾ ਸੀ । ਆਸ਼ਰਮ ਵਿੱਚ 7 ਸਤੰਬਰ 2012 ਨੂੰ ਇਸ ਦੀ ਮੌਤ ਹੋ ਗਈ ।

**ਚੱਲਦੀ ਗੱਡੀ ਦੇ ਮਿੱਤ ਸਾਰੇ–ਦਾਖ਼ਲਾ ਨੰ. 22 :** ਇਨਸਾਨ ਕੋਲ ਚੰਗੀ ਦੌਲਤ ਹੋਵੇ ਤਾਂ ਸਕੇ ਸਬੰਧੀ, ਰਿਸ਼ਤੇਦਾਰ, ਦੋਸਤ-ਮਿੱਤਰ ਅੱਗੇ ਪਿੱਛੇ ਭੱਜੇ ਫਿਰਦੇ ਹਨ । ਪਰ ਜਦੋਂ ਪੱਲੇ ਪੈਸਾ ਵੀ ਨਾ ਹੋਵੇ, ਰਹਿਣ ਲਈ ਮਕਾਨ ਵੀ ਨਾ ਹੋਵੇ ਅਤੇ ਸਰੀਰ ਵੀ ਜੁਆਬ ਦੇ ਜਾਵੇ ਤਾਂ ਫਿਰ ਭਾਵੇਂ ਇਨਸਾਨ ਮਰ ਰਿਹਾ ਹੋਵੇ ਪਰ ਉਹੀ ਲੋਕ ਮੂੰਹ ਦੂਜੇ ਪਾਸੇ ਨੂੰ ਕਰ ਲੈਂਦੇ ਹਨ । ਫਿਰ ਉਹ ਪੰਕਤੀ ਯਾਦ ਆਉਂਦੀ ਹੈ "ਚੱਲਦੀ ਗੱਡੀ ਦੇ ਮਿੱਤ ਸਾਰੇ, ਖੜ੍ਹੀ ਨੂੰ ਨੀ ਕੋਈ ਪੁੱਛਦਾ" । ਅਜਿਹੀ ਹੀ ਦਾਸਤਾਨ ਹੈ ਇੱਕ ਅੰਮ੍ਰਿਤਧਾਰੀ ਬਜ਼ੁਰਗ ਜਰਨੈਲ ਸਿੰਘ ਪੁੱਤਰ ਸੁਰਜਨ ਸਿੰਘ, ਵਾਸੀ ਤਲਵੰਡੀ ਕਲਾਂ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਦੀ, ਜਿਸ ਦੇ ਪੇਟ ਵਿੱਚ ਪਿਸ਼ਾਬ ਲਈ ਨਾਲੀ ਲੱਗੀ ਹੋਈ ਕੋਈ ਸੱਜਣ 27 ਦਸੰਬਰ 2012 ਨੂੰ ਆਸ਼ਰਮ ਦੇ ਗੇਟ ਦੇ ਅੰਦਰ ਇਹ ਕਹਿ ਕੇ ਛੱਡ ਗਿਆ ਕਿ ਲਾਗਲੇ ਪਿੰਡ ਦੇ ਗੁਰਦੁਵਾਰੇ ਦੇ ਪ੍ਰਬੰਧਕਾਂ ਨੇ ਭੇਜਿਆ ਹੈ । ਜਰਨੈਲ ਸਿੰਘ ਦੀ ਉਮਰ 65 ਸਾਲ ਅਤੇ ਇਕ ਬਾਂਹ ਕੱਟੀ ਹੋਈ ਹੈ । ਸੇਵਾਦਾਰਾਂ ਦੇ ਸਹਾਰੇ ਨਾਲ ਹੀ ਆਪਣੀ ਕਿਰਿਆ ਸੋਧ ਸਕਦਾ ਹੈ । ਜਰਨੈਲ ਸਿੰਘ ਦੇ ਦੱਸਣ ਅਨੁਸਾਰ "ਮੈਂ ਛੋਟਾ ਜਿਹਾ ਸੀ ਜਦੋਂ ਮੇਰੀ ਮਾਤਾ ਜੀ ਸੁਰਗਵਾਸ ਹੋ ਗਈ। ਉਸ ਤੋਂ ਬਾਅਦ ਮੇਰੇ ਪਿਤਾ ਜੀ ਦਿੱਲੀ ਚਲੇ ਗਏ, ਫਿਰ ਮੁੜ ਕੇ ਨਹੀਂ ਆਏ । ਮੈਨੂੰ ਮੇਰੇ ਨਾਨੇ ਨੇ ਮੋਹੀ ਪਿੰਡ ਪਾਲਿਆ । ਜ਼ਿੰਦਗੀ ਵਿੱਚ ਪਾਠੀ ਦੇ ਤੌਰ ਤੇ ਸੇਵਾ ਨਿਭਾ ਕੇ ਗੁਜ਼ਾਰਾ ਕਰਦਾ ਰਿਹਾ । ਪਰ ਗੱਡੀ ਥੱਲੇ ਆਕੇ ਬਾਂਹ ਕੱਟਣ ਤੋਂ ਬਾਅਦ ਨਕਾਰਾ ਹੋ ਗਿਆ ਹਾਂ ਅਤੇ ਕਈ ਹੋਰ ਬਿਮਾਰੀਆਂ ਵੀ ਚਿੰਬੜ ਗਈਆਂ ਹਨ। ਪਿਸ਼ਾਬ ਵਾਲੀ ਨਾਲੀ ਵੀ ਲੱਗੀ ਹੋਈ ਹੈ । ਹੁਣ ਨਾ ਮੇਰੇ ਕੋਲ ਪੈਸਾ ਅਤੇ ਨਾ ਸਿਰ ਉੱਤੇ ਛੱਤ ਹੈ।" ਇਸ ਆਸ਼ਰਮ ਵੱਲੋਂ ਗੁਰੂ ਤੇਗ ਬਹਾਦਰ ਹਸਪਤਾਲ ਵਿੱਚ ਇਸ ਦਾ ਕਈ ਵਾਰ ਇਲਾਜ ਕਰਵਾਇਆ ਗਿਆ ਹੈ । ਪਿਸ਼ਾਬ ਲੀਕ ਹੋਣ ਕਾਰਨ ਇਸ ਦੇ ਪੱਟਾਂ ਦੇ ਅੰਦਰਲੇ ਪਾਸੇ ਵਾਲਾ ਮਾਸ ਗਲ੍ਹ ਗਿਆ ਹੈ। ਆਸ਼ਰਮ ਦੇ ਸੇਵਾਦਾਰ ਹੀ ਇਸ ਨੂੰ ਇਸ਼ਨਾਨ ਆਦਿ ਕਰਾਉਂਦੇ ਹਨ ।



ਜਰਨੈਲ ਸਿੰਘ
ਹਸਪਤਾਲ ਵਿੱਚ



ਜਰਨੈਲ ਸਿੰਘ ਨੂੰ ਇਸ਼ਨਾਨ ਕਰਾਉਂਦਾ ਹੋਇਆ
ਆਸ਼ਰਮ ਦਾ ਸੇਵਾਦਾਰ ਲਖਵਿੰਦਰ ਸਿੰਘ

**ਗੁਰਦਿਆਲ ਸਿੰਘ–ਦਾਖ਼ਲਾ ਨੰ. 23 :** 9 ਅਪ੍ਰੈਲ 2013 ਦੀ ਸ਼ਾਮ ਦੇ ਤਕਰੀਬਨ 5.30 ਵਜੇ ਸ਼ਰੀਂਹ ਅਤੇ ਆਲਮਗੀਰ ਪਿੰਡਾਂ ਦੇ ਕੁੱਝ ਸੱਜਣਾਂ ਨੇ ਡਾ. ਮਾਂਗਟ ਨੂੰ ਫੋਨ ਤੇ ਇਸ ਬਜ਼ੁਰਗ ਵਾਰੇ

ਦੱਸਿਆ ਕਿ ਬੋਲਣ ਤੋਂ ਅਸੱਮਰਥ ਫਟੇ ਪੁਰਾਣੇ ਕੱਪੜੇ ਪਾਈ ਇੱਕ ਅੰਮ੍ਰਿਤਧਾਰੀ ਬਜ਼ੁਰਗ (ਉਮਰ ਅੰਦਾਜ਼ਨ 70-75 ਸਾਲ) ਕਈ ਦਿਨਾਂ ਤੋਂ ਲੁਧਿਆਣਾ-ਡੇਹਲੋਂ ਸੜਕ ਦੇ ਕਿਨਾਰੇ ਖੁੱਲ੍ਹੇ ਅਸਮਾਨ ਥੱਲੇ ਦਿਨ-ਕਟੀ ਕਰ ਰਿਹਾ ਹੈ । ਪਰ ਇਸ ਦੇ ਬੋਲਣ ਦੀ ਸਮਝ ਨਹੀਂ ਆਉਂਦੀ । ਡਾ. ਮਾਂਗਟ ਆਪ ਜਾ ਕੇ ਇਸ ਬਜ਼ੁਰਗ ਨੂੰ ਆਸ਼ਰਮ ਵਿੱਚ ਲੈ ਆਏ । ਇਹ ਅੰਮ੍ਰਿਤਧਾਰੀ ਬਜ਼ੁਰਗ ਦਿਮਾਗ਼ੀ ਸਤੁੰਲਨ ਗਵਾ ਚੁੱਕਾ ਸੀ । ਬੜੀ ਮੁਸ਼ਕਲ ਨਾਲ ਸਿਰਫ਼ ਆਪਣਾ ਨਾਉਂ ਹੀ ਦੱਸ ਸਕਦਾ ਸੀ । ਉੱਚੀ ਬੋਲਿਆਂ, ਥੋੜੀ-ਬਹੁਤੀ ਗੱਲ-ਬਾਤ ਸਮਝ ਵੀ ਲੈਂਦਾ ਸੀ । ਪਰ ਇਸਦੇ ਬੋਲਣ ਦੀ ਦੂਸਰੇ ਵਿਅਕਤੀ ਨੂੰ ਸਮਝ ਨਹੀਂ ਸੀ ਪੈਂਦੀ । ਇਸ ਦੇ ਸਰੀਰ ਦੇ ਖੱਬੇ ਪਾਸੇ ਦੇ ਅੰਗ ਚੰਗੀ ਤਰਾਂ ਕੰਮ ਨਹੀਂ ਸੀ ਕਰਦੇ । ਕਈ ਵਾਰ ਆਸ਼ਰਮ ਵਿੱਚੋਂ ਭੱਜਣ ਦੀ ਵੀ ਕੋਸ਼ਿਸ਼ ਕਰਦਾ ਸੀ । ਮਲ-ਮੂਤਰ ਵੀ ਜਿੱਥੇ ਜੀਅ ਕਰੇ ਕਰ ਦਿੰਦਾ ਸੀ । ਕਈ ਵਾਰ ਕੱਪੜੇ ਉਤਾਰ ਕੇ ਨਗਨ ਹਾਲਤ ਵਿੱਚ ਬੈਠ ਜਾਂਦਾ ਸੀ । ਮੀਡੀਏ ਦੀ ਮੱਦਦ ਨਾਲ ਜਲੰਧਰ ਤੋਂ ਇਸ ਦਾ ਪਰਿਵਾਰ ਲੱਭ ਕੇ ਉਨ੍ਹਾਂ ਨੂੰ ਸੌਂਪਿਆ ਗਿਆ ।


ਗੁਰਦਿਆਲ ਸਿੰਘ

**ਸੁਧਾਰ ਪਿੰਡ ਤੋਂ ਚੁੱਕ ਕੇ ਲਿਆਂਦਾ ਲਾਵਾਰਸ ਬਿਮਾਰ ਬਜ਼ੁਰਗ (ਦਾਖਲਾ ਨੰ: 30, ਮਿਤੀ 9 ਅਗਸਤ 2013) :** ਸੁਧਾਰ ਪਿੰਡ ਦੇ ਨਜ਼ਦੀਕ ਸੜਕ ਕਿਨਾਰੇ ਪਏ 70-75 ਸਾਲ ਦੇ ਦਿਮਾਗੀ ਸੰਤੁਲਨ ਗਵਾ ਚੁੱਕੇ ਲਾਵਾਰਸ ਬਿਮਾਰ ਬਜ਼ੁਰਗ ਨੂੰ ਚੁੱਕ ਕੇ ਆਸ਼ਰਮ ਲਿਆਂਦਾ ਗਿਆ। ਇਸ ਬਜ਼ੁਰਗ ਦੇ ਸਰੀਰ ਉੱਤੇ ਪਈ ਹੋਈ ਮਿੱਟੀ ਅਤੇ ਤਨ 'ਤੇ ਪਹਿਨੇ ਹੋਏ ਫਟੇ-ਪੁਰਾਣੇ ਕੱਪੜਿਆਂ ਨੂੰ ਵੇਖਕੇ ਇੰਜ ਲਗਦਾ ਸੀ ਕਿ ਇਹ ਵਿਅਕਤੀ ਕਾਫ਼ੀ ਸਮੇਂ ਤੋਂ ਸੜਕਾਂ 'ਤੇ ਰੁਲ ਰਿਹਾ ਹੈ । ਇਸ ਨੇ ਪਹਿਨੇ ਹੋਏ ਫਟੇ-ਪੁਰਾਣੇ ਕੱਪੜਿਆਂ ਨੂੰ ਇਤਨੀਆਂ ਗੰਢਾਂ ਦਿੱਤੀਆਂ ਹੋਈਆਂ ਸਨ ਕਿ ਕੈਂਚੀ ਨਾਲ ਕੱਟ ਕੇ ਇਸ ਦੇ ਕੱਪੜੇ ਉਤਾਰਨੇ ਪਏ। ਇਹ ਬਜ਼ੁਰਗ ਆਪਣਾ ਨਾਉਂ ਸਪੱਸ਼ਟ ਨਹੀਂ ਸੀ ਦੱਸ ਸਕਦਾ । ਕਦੇ ਵਲੈਤੀ ਰਾਮ ਅਤੇ ਕਦੇ ਦੇਸੂ ਰਾਮ ਦੱਸਦਾ ਸੀ । ਉੱਚੀ ਬੋਲਿਆਂ ਥੋੜੀ-ਬਹੁਤੀ ਗੱਲ-ਬਾਤ ਸਮਝ ਵੀ ਲੈਂਦਾ ਸੀ । ਪਰ ਇਸਦੇ ਬੋਲਣ ਦੀ ਦੂਸਰੇ ਇਨਸਾਨ ਨੂੰ ਜ਼ਿਆਦਾ ਸਮਝ ਨਹੀਂ ਸੀ ਪੈਂਦੀ । ਇਸ ਦੇ ਪਰਿਵਾਰ, ਘਰ-ਬਾਰ ਆਦਿ ਵਾਰੇ ਕੋਈ ਜਾਣਕਾਰੀ ਨਹੀਂ ਮਿਲੀ । ਇਹ ਮਲ-ਮੂਤਰ ਵੀ ਕੱਪੜਿਆਂ ਵਿੱਚ ਜਾਂ ਬਿਸਤਰੇ ਵਿੱਚ ਹੀ ਕਰ ਦਿੰਦਾ ਸੀ । ਸੱਤ ਜਨਵਰੀ 2014 ਨੂੰ ਇਸ ਬਜ਼ੁਰਗ ਦੀ ਆਸ਼ਰਮ ਵਿੱਚ ਹੀ ਮੌਤ ਹੋ ਗਈ ।


ਵਲੈਤੀ ਰਾਮ

**ਸੜਕ ਕਿਨਾਰੇ ਪਈ ਲਾਵਾਰਸ ਅਪਾਹਜ ਬਿਮਾਰ ਔਰਤ ਨੂੰ ਸੰਭਾਲਿਆ (ਦਾਖਲਾ ਨੰ: 36 ਮਿਤੀ 14 ਜਨਵਰੀ 2014) :** ਇਹ ਅਪਾਹਜ ਬਜ਼ੁਰਗ ਔਰਤ 9 ਜਨਵਰੀ ਤੋਂ 14 ਜਨਵਰੀ 2014 ਤੱਕ ਕਹਿਰ ਦੀ ਸਰਦੀ ਵਿੱਚ ਜ਼ਿਲਾ ਲੁਧਿਆਣਾ ਦੇ ਭੁੱਟਾ ਪਿੰਡ ਦੇ ਨਜ਼ਦੀਕ ਬਣੇ ਬੱਸ ਸਟੈਂਡ ਤੇ ਪਈ ਰਹੀ । ਪਿੰਡ ਦੀ ਪੰਚਾਇਤ ਵੱਲੋਂ ਫੋਨ ਕਰਨ ਤੇ ਆਸ਼ਰਮ ਦੇ ਸੇਵਾਦਾਰ

ਡਾ. ਨੌਰੰਗ ਸਿੰਘ ਮਾਂਗਟ ਇਸ ਬਜ਼ੁਰਗ ਮਾਤਾ ਨੂੰ ਸੜਕ ਤੋਂ ਚੁੱਕ ਕੇ ਸਰਾਭਾ ਆਸ਼ਰਮ ਵਿੱਚ ਲੈ ਆਏ ਅਤੇ ਇਸਦੀ ਸੇਵਾ-ਸੰਭਾਲ ਕੀਤੀ। ਫਟੇ-ਪੁਰਾਣੇ ਕੱਪੜੇ ਪਾਈ ਬੋਲਣ-ਚੱਲਣ ਅਤੇ ਤੁਰਨ-ਫਿਰਨ ਤੋਂ ਅਸੱਮਰਥ ਇਹ ਬਜ਼ੁਰਗ ਮਾਤਾ ਮਲ-ਮੂਤਰ ਵੀ ਪਈ ਹੀ ਕਰਦੀ ਸੀ। ਇਸ ਦੇ ਪਹਿਰਾਵੇ ਤੋਂ ਇੰਜ ਲਗਦਾ ਸੀ ਕਿ ਇਹ ਬਜ਼ੁਰਗ ਔਰਤ ਕਿਸੇ ਇੱਟਾਂ ਦੇ ਭੱਠੇ ਆਦਿ ਤੇ ਕੰਮ ਕਰਦੀ ਰਹੀ ਹੋਵੇ। ਆਸ਼ਰਮ ਵਿੱਚ ਚੰਗੀ ਦੇਖ-ਭਾਲ ਹੋਣ ਕਰਕੇ ਭਾਵੇਂ ਇਸ ਦੀ ਹਾਲਤ ਵਿੱਚ ਕਾਫ਼ੀ ਸੁਧਾਰ ਹੋਇਆ ਹੈ ਪਰ ਫਿਰ ਵੀ ਇਹ ਔਰਤ ਅਜੇ ਆਪਣਾ ਨਾਉਂ ਆਦਿ ਨਹੀਂ ਦੱਸ ਸਕਦੀ।



ਸੜਕ ਕੰਢੇ ਪਈ
ਬਜ਼ੁਰਗ ਔਰਤ

**ਕਰਦੇ ਮੱਦਦ ਗਰੀਬ ਦੀ ਤੇਰਾ ਸੁਖੀ ਵੱਸੇ ਸੰਸਾਰ-ਧੰਨਾਜੀ :** 18 ਫਰਵਰੀ 2015 ਨੂੰ ਸੜਕ ਕਿਨਾਰੇ ਪਏ ਲਾਵਾਰਸ ਹੱਡੀਆਂ ਦੇ ਪਿੰਜਰ ਅਪਾਹਜ ਬਿਮਾਰ ਦੀ ਡਾ. ਨੌਰੰਗ ਸਿੰਘ ਮਾਂਗਟ ਜਦੋਂ ਮੱਦਦ ਕਰਨ ਲਈ ਲੁਧਿਆਣਾ ਸ਼ਹਿਰ ਵਿੱਚ ਢੋਲੇਵਾਲ ਚੌਕ ਦੇ ਨਜ਼ਦੀਕ ਪਹੁੰਚੇ ਤਾਂ ਸੜਕ ਕਿਨਾਰੇ ਪਿਆ ਇਹ ਮਹਿਜ ਹੱਡੀਆਂ ਦਾ ਪਿੰਜਰ "ਧੰਨਾਜੀ" ਸਹਾਇਤਾ ਲਈ ਪੁਕਾਰਦਾ ਹੌਲੀ-ਹੌਲੀ ਇਹ ਤੁਕ ਗਾ ਰਿਹਾ ਸੀ "ਕਰਦੇ ਮੱਦਦ ਗਰੀਬ ਦੀ ਤੇਰਾ ਸੁਖੀ ਵੱਸੇ ਸੰਸਾਰ"। ਉਸ ਸਮੇਂ ਇਸ ਦੀ ਹਾਲਤ ਬਹੁਤ ਨਾਜ਼ੁਕ ਸੀ। ਡਾ. ਨੌਰੰਗ ਸਿੰਘ ਮਾਂਗਟ ਇਸ ਨੂੰ ਚੁੱਕ ਕੇ ਆਸ਼ਰਮ ਵਿੱਚ ਲੈ ਆਏ। ਧੰਨਾਜੀ ਨੇ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਉਸ ਨੂੰ ਕਿਸੇ ਵਾਹਨ ਨੇ ਫੇਟ ਮਾਰ ਦਿੱਤੀ ਸੀ ਜਿਸ ਨਾਲ ਉਸ ਦਾ ਚੂਲਾ ਟੁੱਟ ਗਿਆ, ਲੱਤਾਂ ਵੀ ਨਕਾਰਾ ਹੋ ਗਈਆਂ ਅਤੇ ਉਹ ਹੁਣ ਉੱਠਣ-ਬੈਠਣ ਤੋਂ ਵੀ ਅਸਮਰੱਥ ਹੈ ਜਿਸ ਕਰਕੇ ਉਹ ਲੰਮਾ ਹੀ ਪਿਆ ਰਹਿੰਦਾ ਹੈ। ਤਕਰੀਬਨ ਚਾਲੀ ਕੁ ਸਾਲ ਦੇ ਇਸ ਅਪਾਹਜ ਨੇ ਦੱਸਿਆ ਕਿ "ਉਹ ਬਿਹਾਰ ਪ੍ਰਦੇਸ ਦੇ ਨੌਵਾਂ ਗਾਉਂ ਕਸਬੇ ਦਾ ਰਹਿਣ ਵਾਲਾ ਹੈ ਅਤੇ ਉੱਥੇ ਵੀ ਸੜਕ ਤੇ ਹੀ ਸੌਂ ਕੇ ਗੁਜ਼ਾਰਾ ਕਰਦਾ ਸੀ। ਉਸ ਦਾ ਆਪਣਾ ਕੋਈ ਪਰਿਵਾਰ ਨਹੀਂ ਹੈ ਅਤੇ ਨਾ ਹੀ ਕੋਈ ਜਾਇਦਾਦ ਜਾਂ ਆਮਦਨੀ ਦਾ ਸਾਧਨ ਹੈ।" ਆਸ਼ਰਮ ਵਿੱਚ ਇਸ ਦਾ ਬਹੁਤ ਇਲਾਜ ਕਰਵਾਇਆ ਗਿਆ ਪਰ 11 ਮਈ 2015 ਨੂੰ ਸਵੇਰੇ 2-3 ਵਜੇ ਦੇ ਕਰੀਬ ਧੰਨਾਜੀ ਸੁਰਗਵਾਸ ਹੋ ਗਿਆ।



ਡਾ. ਮਾਂਗਟ ਧੰਨਾਜੀ ਨੂੰ ਸੜਕ
ਕੰਢਿਓਂ ਚੁੱਕਦੇ ਹੋਏ

**ਅਜ਼ਾਦ ਹਿੰਦ ਫੌਜ ਦਾ 110 ਸਾਲਾ ਸਾਬਕਾ ਸਿਪਾਹੀ (ਦਾਖਲਾ ਨੰ: 52) :** 16 ਅਪ੍ਰੈਲ, 2015 ਨੂੰ ਪੰਜਾਬ ਸਰਕਾਰ ਵੱਲੋਂ 110 ਸਾਲਾ ਬਜ਼ੁਰਗ ਅਜ਼ਾਦੀ ਘੁਲਾਟੀਏ ਨਰਦਿੰਰ ਸਿੰਘ ਨੂੰ ਡੀ. ਐਮ. ਸੀ. ਹਸਪਤਾਲ ਲੁਧਿਆਣਾ ਤੋਂ ਛੁੱਟੀ ਮਿਲਣ ਉਪਰੰਤ ਸੇਵਾ-ਸੰਭਾਲ ਲਈ ਇਸ ਆਸ਼ਰਮ ਵਿੱਚ ਭੇਜਿਆ ਗਿਆ। ਪਿੰਡ ਦੁਵੇਹਰ ਕਲਾਂ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿੱਚ 1905 ਵਿੱਚ ਜਨਮੇ ਨਰਿੰਦਰ ਸਿੰਘ 1943 ਵਿੱਚ

ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਅਜ਼ਾਦ ਹਿੰਦ ਫ਼ੌਜ ਵਿੱਚ ਭਰਤੀ ਹੋਏ ਸਨ । 1947 ਦੇ ਭਾਰਤ-ਪਾਕਿਸਤਾਨ ਬਟਵਾਰੇ ਦੌਰਾਨ ਇਹਨਾਂ ਦੇ 20 ਦੇ ਕਰੀਬ ਪਰਿਵਾਰਿਕ ਮੈਂਬਰ ਅਤੇ ਰਿਸ਼ਤੇਦਾਰ ਮਾਰੇ ਗਏ ਸਨ । ਪਰ ਆਪ ਆਪਣੀ ਭੈਣ ਅਮਰ ਕੌਰ ਨਾਲ ਕਿਸੇ ਤਰਾਂ ਬਚਕੇ ਪਿੰਡ ਢੋਲੇਵਾਲ (ਲੁਧਿਆਣਾ) ਵਿੱਚ ਆ ਵੱਸੇ ਸਨ। ਨਰਿੰਦਰ ਸਿੰਘ ਦਾ ਆਪਣਾ ਕੋਈ ਘਰ-ਬਾਰ ਅਤੇ ਜਾਇਦਾਦ ਆਦਿ ਨਾ ਹੋਣ ਕਰਕੇ ਤਕਰੀਬਨ 40-45 ਸਾਲ ਤੋਂ ਲੁਧਿਆਣਾ ਦੇ ਢੋਲੇਵਾਲ ਚੌਂਕ ਸਥਿੱਤ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਇੱਕ ਕਮਰੇ ਵਿੱਚ ਰਹਿ ਰਹੇ ਸਨ । ਜਨਵਰੀ ਵਿੱਚ ਉਹ ਚੂਲੇ ਦੀ ਸੱਟ ਲਗਵਾ ਬੈਠੇ ਸਨ ਜਿਸ ਕਰਕੇ ਡੀ. ਸੀ. ਜ਼ਿਲ੍ਹਾ ਲੁਧਿਆਣਾ ਨੇ ਉਹਨਾਂ ਨੂੰ ਡੀ. ਐਮ. ਸੀ. ਹਸਪਤਾਲ ਲੁਧਿਆਣਾ ਵਿੱਚ ਇਲਾਜ ਲਈ ਦਾਖਲ ਕਰਵਾ ਦਿੱਤਾ ਸੀ। ਡੀ.ਐਮ.ਸੀ. ਹਸਪਤਾਲ ਤੋਂ ਛੁੱਟੀ ਮਿਲਣ ਉਪਰੰਤ ਸਰਾਭਾ ਆਸ਼ਰਮ ਵਿੱਚ ਚੰਗੀ ਸੇਵਾ ਸੰਭਾਲ ਕਾਰਨ ਉਹਨਾਂ ਦੀ ਸਿਹਤ ਵਿੱਚ ਸੁਧਾਰ ਹੋਇਆ ਹੈ ।



ਨਰਦਿੰਰ ਸਿੰਘ ਦੀਆਂ ਅੱਖਾਂ ਵਿੱਚ ਦੁਆਈ ਪਾਉਂਦੇ ਡਾ. ਮਾਂਗਟ

## 21 ਮਾਰਚ ਤੋਂ 23 ਮਾਰਚ ਤੱਕ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਦੀਆਂ ਝਲਕੀਆਂ:









## ਡਾ. ਨੌਰੰਗ ਸਿੰਘ ਮਾਂਗਟ ਵਾਰੇ ਦੂਜਿਆਂ ਦੇ ਵਿਚਾਰ

**ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ (ਅਖ਼ਬਾਰ ਚੜ੍ਹਦੀ ਕਲਾ 7 ਅਕਤੂਬਰ 2009) :** ਅੱਜ ਦੇ ਆਪਾ-ਧਾਪੀ ਤੇ ਖ਼ੁਦਗਰਜ਼ੀ ਵਾਲੇ ਮਹੌਲ ਵਿੱਚ ਵੀ ਭਾਈ ਘਨ੍ਹੱਈਏ ਦੀ ਸੋਚ ਵਾਲੇ ਨੇਕ ਪੁਰਸ਼ ਹੈਗੇ ਨੇ। ਅਸ਼ਕੇ ਜਾਵਾਂ ਇਸ ਗੁਰਮੁਖ ਪਿਆਰੇ ਨਿਸ਼ਕਾਮ ਸੇਵਕ ਦੇ ! ਜਨ ਪਰਉਪਕਾਰੀ ਆਏ ਵਾਲਾ ਗੁਰਵਾਕ ਡਾ. ਮਾਂਗਟ ਜੈਸੇ ਧਰਮੀ ਜਿਉੜਿਆਂ ਤੇ ਢੁੱਕਦਾ ਹੈ ।

**Dean College of Agriculture, P.A.U. Ludhiana (April 30, 2013) :** My Dear Mangat Sahib, I have since long been longing to be in touch with you to have a glimpse of your pious personality with which you are blessed by Almighty. I strongly believe and have unqualified faith in Gur Sangat but feel to be unfortunate for having lost the God given opportunity of benefitting from your company (Sangat) while we were together in PAU. I frequently share your heavenly gifted nature with my friends and relatives but feel unfortunate to be a failure in emulating your modesty. Looking at your humble service for mankind I feel tempted to blame me as defaulter of missing the chance of learning the ways to pay back.

### Comments on story published by sikhnet.com on Dec. 19, 2008

**" A messiah in Kalyug"** by Baljinder, December 20, 2008

Dr. Nurang Singh Mangat, Sat Shri Akal, Hats-off to you Sir, for your kind services extended toward the needies and poors. Our brothers and sisters should take lesson from you. Looking forward to meet you whenever coming to Punjab.

**A great role model!** by Manjit Singh, December 19, 2008

It is nice to see a great humanitarian and a great scientist and more importantly in a pure simple kurta-pajama with flowing beard! Without much knowing about him except this news story, He is already my HERO! God Bless souls like these!

**Contemporary role model!** By Harman December 19, 2008

Dr Naurang Singh Mangat is such a great personality and unfortunately I've heard his name for the first time. Well! I would prefer to choose these kind of MEN OF HONOUR as my contemporary role-models.

**ਆਸ਼ਰਮ ਦਾ ਮੌਜੂਦਾ ਪ੍ਰਬੰਧਕੀ ਢਾਂਚਾ:** ਬੇਸ਼ੱਕ ਸ਼ੁਰੂ ਦੇ ਵਿੱਚ ਡਾ. ਨੌਰੰਗ ਸਿੰਘ ਮਾਂਗਟ ਕਈ ਸਾਲ ਇਕੱਲੇ ਹੀ ਇਸ ਸੰਸਥਾ ਦੀ ਬੁਨਿਆਦ ਬੰਨ੍ਹਣ ਵਿੱਚ ਲੱਗੇ ਰਹੇ। ਪਰ ਹੁਣ ਇਹ ਇੱਕ ਪੂਰਨ ਸੰਸਥਾ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸ ਸੰਸਥਾ ਦੇ ਹੋਰ ਮੈਂਬਰ ਹਨ : PAU ਦੇ ਸਾਬਕਾ


ਪ੍ਰੋਫ਼ੈਸਰ ਡਾ. ਕਾਰਜ ਸਿੰਘ ਢਿੱਲੋਂ, ਰਿਟ. ਏ. ਜੀ. ਐਮ. ਹਰਦਮ ਸਿੰਘ ਮਾਂਗਟ ਪਿੰਡ ਬੇਗੋਵਾਲ, ਗੁਰਜੀਤ ਸਿੰਘ ਮਾਛੀਵਾੜਾ, ਮੇਜਰ ਸਿੰਘ ਪਿੰਡ ਦਾਦ ਅਤੇ ਬੀਬੀ ਹਰਿੰਦਰ ਕੌਰ ਪਿੰਡ ਅੱਬੂਵਾਲ। ਸਾਰੇ ਮੈਂਬਰ ਡਾ. ਮਾਂਗਟ ਨੂੰ ਪੂਰਨ ਸਹਿਯੋਗ ਦਿੰਦੇ ਹਨ। PAU ਦੀ ਸਾਬਕਾ ਪ੍ਰੋਫ਼ੈਸਰ ਡਾ. ਸੁਰਜੀਤ ਕੌਰ ਢਿੱਲੋਂ ਅਤੇ ਬੀਬੀ ਗੁਰਮੇਲ ਕੌਰ ਪਿੰਡ ਅੱਬੂਵਾਲ ਵੀ ਹਰ ਸਮੇਂ ਪ੍ਰਬੰਧ ਚਲਾਉਣ ਵਿੱਚ ਸਹਿਯੋਗ ਦਿੰਦੇ ਹਨ ।

## ਭਵਿੱਖ ਦੀਆ ਯੋਜਨਾਵਾਂ

- ਬੀਬੀਆਂ ਨੂੰ ਅਲੱਗ ਰੱਖਣ ਲਈ ਆਸ਼ਰਮ ਦੀ ਦੂਜੀ ਮੰਜ਼ਲ ਨੂੰ furnish ਕਰਨ ਦੀ ਲੋੜ ਹੈ ।
- ਆਸ਼ਰਮ ਵਿੱਚ ਡਿਸਪੈਂਸਰੀ ਦੀ ਸਖ਼ਤ ਜ਼ਰੂਰਤ ਹੈ ਤਾਂ ਕਿ ਲੋੜ ਪੈਣ ਤੇ ਲੋੜਵੰਦਾਂ ਦੀ ਛੋਟੀ-ਮੋਟੀ ਬਿਮਾਰੀ ਦਾ ਇਲਾਜ ਆਸ਼ਰਮ ਵਿੱਚ ਹੀ ਹੋ ਸਕੇ ।

**ਨੋਟ: ਆਸ਼ਰਮ ਵਿਖੇ ਹਰ ਸਾਲ 21 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਂਦੇ ਹਨ ਅਤੇ 23 ਮਾਰਚ ਨੂੰ 10 ਵਜੇ ਭੋਗ ਪਾਏ ਜਾਂਦੇ ਹਨ।**

**ਬੇਨਤੀ:** ਗੁਰਦੁਵਾਰਿਆਂ ਤੋਂ ਐਨਾਊਂਸਮੈਂਟ ਕਰਵਾਕੇ ਲੋੜਵੰਦਾਂ/ਸੰਗਤਾਂ ਤੱਕ ਇਸ ਆਸ਼ਰਮ ਵਾਰੇ ਜਾਣਕਾਰੀ ਪੁਚਾਉਣ ਦੀ ਕ੍ਰਿਪਾਲਤਾ ਕਰਨੀ, ਤਾਂ ਕਿ ਕੋਈ ਬਜ਼ੁਰਗ, ਅਪਾਹਜ, ਨੇਤਰਹੀਣ, ਲਾਵਾਰਸ, ਬੇਸਹਾਰਾ ਜਾਂ ਕੋਈ ਹੋਰ ਲੋੜਵੰਦ ਆਸ਼ਰਮ ਵਿੱਚ ਰਹਿਣ ਲਈ ਸੰਪਰਕ ਕਰ ਸਕੇ।






**ਦੁਖਦਾਈ ਖ਼ਬਰ :** ਦੁਖੀ ਮਨ ਨਾਲ ਸੰਗਤਾਂ ਨਾਲ ਇਹ ਖ਼ਬਰ ਸਾਂਝੀ ਕਰ ਰਹੇ ਹਾਂ ਕਿ "**ਗੁਰੂ ਅਮਰ ਦਾਸ ਅਪਾਹਜ ਆਸ਼ਰਮ**" ਦੇ ਮੀਤ ਪ੍ਰਧਾਨ ਸੂਬੇਦਾਰ ਸ: ਗੁਰਦਿਆਲ ਸਿੰਘ, ਪਿੰਡ ਅੱਬੂਵਾਲ, 79 ਸਾਲ ਦੀ ਉਮਰ ਭੋਗ ਕੇ 24 ਜੂਨ 2015 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ । ਗੁਰਸਿੱਖੀ ਜੀਵਨ ਬਤੀਤ ਕਰਨ ਵਾਲੇ ਸੂਬੇਦਾਰ ਗੁਰਦਿਆਲ ਸਿੰਘ ਸਿਰਫ਼ ਪਿੰਡ ਅੱਬੂਵਾਲ ਵਿੱਚ ਹੀ ਨਹੀਂ ਸਗੋਂ ਇਸ ਇਲਾਕੇ ਦੀ ਸਤਿਕਾਰਯੋਗ ਸਖਸ਼ੀਅਤ ਸਨ । ਗੁਰੂ ਘਰ ਦੀ ਸੇਵਾ, ਆਸ਼ਰਮ ਦੀ ਸੇਵਾ ਅਤੇ ਇਲਾਕੇ ਵਿੱਚ ਹੋਰ ਲੋੜਵੰਦਾਂ ਦੀ ਸਹਾਇਤਾ ਕਰਨਾ ਉਨ੍ਹਾਂ ਦੇ ਜੀਵਨ ਦਾ ਮਕਸਦ ਸੀ। ਡਾ. ਨੌਰੰਗ ਸਿੰਘ ਮਾਂਗਟ ਦੀ ਗੈਰ-ਹਾਜ਼ਰੀ ਵਿੱਚ ਸੂਬੇਦਾਰ ਗੁਰਦਿਆਲ ਸਿੰਘ ਇਸ ਆਸ਼ਰਮ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਉਂਦੇ ਸਨ। ਉਹਨਾਂ ਦੇ ਵਿੱਛੜ ਜਾਣ ਨਾਲ ਸਿਰਫ਼ ਪਰਿਵਾਰ ਨੂੰ ਹੀ ਨਹੀਂ ਸਗੋਂ ਪਿੰਡ ਅੱਬੂਵਾਲ, ਆਸ-ਪਾਸ ਦੇ ਇਲਾਕੇ ਅਤੇ ਖਾਸ ਕਰਕੇ "ਗੁਰੂ ਅਮਰ ਦਾਸ ਅਪਾਹਜ ਆਸ਼ਰਮ" ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਸਾਡੀ ਅਰਦਾਸ ਹੈ ਕਿ ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਸਾਨੂੰ ਸਾਰਿਆਂ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ।

## ਕੁੱਝ ਸ਼ਬਦ – ਡਾ. ਨੌਰੰਗ ਸਿੰਘ ਮਾਂਗਟ ਵੱਲੋਂ



ਛੋਟੇ ਹੁੰਦਿਆਂ ਜਦੋਂ ਗਰਮੀਆਂ ਦੀ ਧੁੱਪ ਵਿੱਚ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਤਾਂ ਮਨ ਵਿੱਚ ਆਉਂਦਾ ਕਿ ਜੇ ਕਰ ਦਸਵੀਂ ਪਾਸ ਕਰਨ ਤੋਂ ਬਾਅਦ ਛੋਟੀ-ਮੋਟੀ ਨੌਕਰੀ ਮਿਲ ਜਾਵੇ ਤਾਂ ਮੇਰੀ ਆਪਣੀ ਜ਼ਿੰਦਗੀ ਵੀ ਸੌਖੀ ਹੋ ਜਾਵੇ ਅਤੇ ਨਾਲ ਹੀ ਮੈਂ ਕਿਸੇ ਲੋੜਵੰਦ ਦੀ ਸਹਾਇਤਾ ਕਰਨ ਯੋਗ ਹੋ ਜਾਵਾਂ। M.Sc., Ph.D. ਕਰਨ ਅਤੇ ਚੰਗੀ ਨੌਕਰੀ ਮਿਲਣ ਉਪਰੰਤ ਲੋੜਵੰਦਾਂ ਦੀ ਸੇਵਾ ਕਰਨ ਦੀ ਇੱਛਾ ਪ੍ਰਬਲ ਹੁੰਦੀ ਗਈ। ਇਸੇ ਹੀ ਤਾਂਘ ਨੇ ਮੈਨੂੰ ਇਸ ਰਸਤੇ ਤੇ ਚੱਲਣ ਲਈ ਪ੍ਰੇਰਿਆ ਅਤੇ ਹੌਲੀ-ਹੌਲੀ ਮੌਜੂਦਾ ਸੰਸਥਾ ਦਾ ਰੂਪ ਧਾਰਿਆ। ਮੈਨੂੰ ਇਸ ਮੰਜ਼ਲ ਤੱਕ ਪੁਚਾਉਣ ਲਈ ਜਿਨ੍ਹਾਂ ਨੇ ਯੋਗਦਾਨ ਪਾਇਆ ਅਤੇ ਸਹਿਯੋਗ ਦਿੱਤਾ, ਉਨ੍ਹਾਂ ਵਾਰੇ ਜ਼ਿਕਰ ਕਰਨਾ ਮੈਂ ਆਪਣਾ ਫ਼ਰਜ਼ ਸਮਝਦਾ ਹਾਂ।

ਮੇਰੀ ਜ਼ਿੰਦਗੀ ਦੇ ਰਹਿਨੁਮਾ ਸਵਰਗੀ ਪਿਤਾ ਹਰਨਾਮ ਸਿੰਘ ਅਤੇ ਸਵਰਗੀ ਜਨਮ ਦਾਤੀ ਮਾਤਾ ਗੁਰਦਿਆਲ ਕੌਰ ਨੂੰ ਯਾਦ ਕਰਕੇ ਅੱਜ ਵੀ ਮੇਰੀਆਂ ਅੱਖਾਂ ਸੇਜਲ ਹੋ ਜਾਂਦੀਆਂ ਹਨ ਜਿਨ੍ਹਾਂ ਨੇ ਮੈਨੂੰ ਪਾਲਿਆ-ਪੋਸਿਆ ਅਤੇ ਆਪ ਅਨਪੜ੍ਹ ਹੁੰਦਿਆਂ ਦੁੱਖ-ਤਕਲੀਫ਼ਾਂ ਕੱਟ ਕੇ ਮੈਨੂੰ ਉੱਚ ਵਿੱਦਿਆ ਦਿਵਾਈ ਜਿਸ ਦੇ ਫ਼ਲਸਰੂਪ ਅੱਜ ਮੈਂ ਇਹ ਸੇਵਾ ਕਰਨ ਦੇ ਯੋਗ ਹੋਇਆ ਹਾਂ। ਦੋ ਭੈਣਾਂ (ਅਮਰ ਕੌਰ ਅਤੇ ਮੁਖਤਿਆਰ ਕੌਰ) ਅਤੇ ਦੋ ਚਾਚੇ ਦੀਆਂ ਲੜਕੀਆਂ (ਭਜਨ ਕੌਰ ਅਤੇ ਪ੍ਰੀਤਮ ਕੌਰ) ਦਾ ਵੀ ਦੇਣ ਨਹੀਂ ਦੇ ਸਕਦਾ ਜਿਨ੍ਹਾਂ ਨੇ ਸਯੁੰਕਤ ਪਰਿਵਾਰ (joint family) ਵਿੱਚ ਰਹਿੰਦਿਆਂ ਮੇਰੇ ਪਾਲਣ-ਪੋਸਣ ਵਿੱਚ ਮੇਰੀ ਮਾਤਾ ਜੀ ਦੀ ਸਦਾ ਹੀ ਮੱਦਦ ਕੀਤੀ। ਛੋਟੇ ਭਰਾ ਨਾਜਰ ਸਿੰਘ (ਮੈਨੀ ਮਾਂਗਟ) ਦਾ ਵੀ ਧੰਨਵਾਦੀ ਹਾਂ ਜਿਸ ਦੀ ਸਹਾਇਤਾ ਨਾਲ ਮੈਂ ਸਕਿੱਲ ਕੈਟਾਗਰੀ ਅਧੀਨ 1996 ਵਿੱਚ ਪਰਿਵਾਰ ਸਮੇਤ ਕੈਨੇਡਾ ਗਿਆ। ਮੈਂ ਆਪਣੇ ਸਾਰੇ ਪਰਿਵਾਰ ਦਾ, ਖਾਸ ਕਰਕੇ ਆਪਣੀ ਜੀਵਨ ਸਾਥਣ ਪਰਮਜੀਤ ਕੌਰ ਦਾ ਜਿਸ ਨੇ ਹਰ ਦੁੱਖ-ਸੁੱਖ ਵਿੱਚ ਮੇਰਾ ਸਾਥ ਨਿਭਾਇਆ, ਅਤੀ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਨਾਲ ਮੈਂ ਇਹ ਸੇਵਾ ਕਰ ਸਕਿਆਂ ਹਾਂ। ਗੁਰੂ ਦੀਆਂ ਸੰਗਤਾਂ ਦਾ ਮੈਂ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਦਾਸ ਨੂੰ ਸਹਿਯੋਗ ਦੇ ਕੇ ਇਸ ਸੰਸਥਾ ਨੂੰ ਸਫ਼ਲ ਬਣਾਇਆ। ਪਿੰਡ ਅੱਬੂਵਾਲ ਅਤੇ ਆਸ ਪਾਸ ਦੇ ਹੋਰ ਪਿੰਡਾਂ ਦੀ ਜਿਹੜੀ ਸੰਗਤ 21 ਤੋਂ 23 ਮਾਰਚ ਵਾਲੇ ਸਲਾਨਾ ਸ੍ਰੀ ਅਖੰਡ ਪਾਠ ਸਮੇਂ ਸੇਵਾ ਕਰਦੀ ਹੈ ਸਾਰਿਆਂ ਦਾ ਧੰਨਵਾਦੀ ਹਾਂ। ਦੇਸ -ਵਿਦੇਸ਼ ਵਿੱਚ ਵੱਸਦੇ ਉਹਨਾਂ ਸਾਰੇ ਭੈਣਾਂ-ਭਰਾਵਾਂ, PAU ਦੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਹੜੇ ਮੈਨੂੰ ਮਿਲਣ ਆਉਂਦੇ ਹਨ ਜਾਂ ਫੋਨ/ਈਮੇਲ ਰਾਹੀਂ ਮੈਨੂੰ ਉਤਸ਼ਾਹਤ ਕਰਦੇ ਰਹਿੰਦੇ ਹਨ। ਮੀਡੀਏ ਦਾ ਵੀ ਬਹੁਤ ਸ਼ੁਕਰ ਗੁਜ਼ਾਰ ਹਾਂ ਜਿਸਨੇ ਇਸ ਚੱਲ ਰਹੇ ਸੇਵਾ-ਕਾਰਜ ਨੂੰ ਸਮੇਂ-ਸਮੇਂ ਸਿਰ ਸੰਗਤਾਂ ਤੱਕ ਪੁਚਾਉਣ ਦੀ ਸੇਵਾ ਨਿਭਾਈ।

ਅਖ਼ੀਰ ਵਿੱਚ ਮੇਰਾ ਸਿਰ ਝੁਕਦਾ ਹੈ ਸ੍ਰੀ ਗੁਰੂ ਅਮਰ ਦਾਸ ਜੀ ਪਾਤਸ਼ਾਹ ਦੇ ਚਰਨਾਂ ਵਿੱਚ ਜਿਹਨਾਂ ਨੇ ਦਾਸ ਨੂੰ ਆਪਣੇ ਦਰ ਤੇ ਲੋੜਵੰਦਾਂ ਦੀ ਸੇਵਾ ਬਖਸ਼ਿਸ਼ ਕੀਤੀ।

Printed by : Ram Printers, Ldh. 0161-5020109